SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 230** | **Wednesday, 18 December 2024** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

MagGas Medical
Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd
Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate
- Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

## 12 ਸਾਲਾ ਲੜਕੇ ਨੂੰ ਕਾਰ ਨੇ ਮਾਰੀ ਟੱਕਰ, ਪੁਲਿਸ ਵੱਲੋਂ ਜਾਂਚ ਜਾਰੀ

ਕੈਲਗਰੀ, 17 ਦਸੰਬਰ (ਪੋਸਟ ਬਿਊਰੋ): ਕੈਲਗਰੀ ਵਿਚ ਪਿਛਲੇ ਹਫ਼ਤੇ ਬੇਲਮੋਂਟ ਕਮਿਊਨਿਟੀ ਵਿੱਚ ਇੱਕ 12 ਸਾਲਾ ਲੜਕੇ ਨੂੰ ਕਾਰ ਨੇ ਟੱਕਰ ਮਾਰ ਦਿੱਤੀ ਸੀ, ਜਿਸਤੋਂ ਬਾਅਦ ਪੁਲਿਸ ਨੇ ਗਵਾਹਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

ਇਹ ਘਟਨਾ ਸ਼ੁੱਕਰਵਾਰ ਨੂੰ ਸਵੇਰੇ 7:30 ਵਜੇ ਤੋਂ ਬਾਅਦ ਬੇਲਮੋਂਟ ਡਰਾਈਵ ਅਤੇ 210 ਏਵੇਨਿਊ ਐੱਸ. ਡਬਲਯੂ. ਦੇ ਚੁਰਾਸਤੇ 'ਤੇ ਹੋਈ।

ਪੁਲਿਸ ਦਾ ਕਹਿਣਾ ਹੈ ਕਿ ਲੜਕਾ 210 ਏਵੇਨਿਊ 'ਤੇ ਇੱਕ ਅਨਮਾਰਕ ਕਰਾਸਵਾਕ 'ਤੇ ਚੱਲ ਰਿਹਾ ਸੀ, ਉਦੋਂ ਉਸਨੂੰ ਪੱਛਮ ਵੱਲ ਜਾ ਰਹੀ ਇੱਕ ਲਾਲ ਰੰਗ ਦੀ 2020 ਟੋਇਟਾ ਕੋਰੋਲਾ ਨੇ ਟੱਕਰ ਮਾਰ ਦਿੱਤੀ।

ਪੈਰਾਮੇਡਿਕਸ ਨੇ ਲੜਕੇ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ। ਪੁਲਿਸ ਨੇ ਸੋਮਵਾਰ ਨੂੰ ਕਿਹਾ ਕਿ ਉਹ ਸਥਿਰ ਹਾਲਤ ਵਿੱਚ ਹਸਪਤਾਲ ਵਿੱਚ ਹੈ।

## ਐੱਨਡੀਪੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ- ਟਰੂਡੋ ਅਸਤੀਫਾ ਦੇਣ



ਓਟਵਾ, 17 ਦਸੰਬਰ (ਪੋਸਟ ਬਿਊਰੋ): ਐੱਨਡੀਪੀ ਨੇਤਾ ਜਗਮੀਤ ਸਿੰਘ ਨੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਸਤੀਫਾ ਦੇਣ ਲਈ ਕਿਹਾ ਹੈ, ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਬੇਭਰੋਸਗੀ ਮਤੇ ਦਾ ਸਮਰਥਨ ਕਰਨਗੇ, ਤਾਂ ਉਨ੍ਹਾਂ ਨੇ ਕਿਹਾ ਕਿ ਸਾਰੇ ਵਿਕਲਪ ਖੁੱਲ੍ਹੇ ਹਨ।

ਕ੍ਰੀਸਟੀਆ ਫਰੀਲੈਂਡ ਦੇ ਵਿੱਤ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਕੁੱਝ ਘੰਟਿਆਂ ਬਾਅਦ ਓਟਵਾ ਵਿੱਚ ਜਗਮੀਤ ਸਿੰਘ ਨੇ ਕਿਹਾ ਕਿ ਕੈਨੇਡੀਅਨ ਲੋਕ ਗਰੌਸਰੀ ਦੇ ਮਹਿੰਗੇ ਸਾਮਾਨ ਤੋਂ ਲੈਕੇ ਘਰਾਂ ਦੀਆਂ ਉੱਚੀਆਂ ਕੀਮਤਾਂ ਅਤੇ ਅਗਲੇ ਸਾਲ ਆਉਣ ਵਾਲੇ ਟਰੰਪ ਪ੍ਰਸ਼ਾਸਨ ਵੱਲੋਂ ਟੈਰਿਫ ਦੇ ਖਤਰੇ ਤੱਕ ਕਈ ਹੋਰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਇਸ 'ਤੇ ਧਿਆਨ ਕੇਂਦਰਿਤ ਕਰਨ ਦੀ ਥਾਂ ਜਸਟਿਨ ਟਰੂਡੋ ਅਤੇ ਲਿਬਲਰਜ਼ ਖੁਦ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਉਹ ਕੈਨੇਡੀਅਨ ਲੋਕਾਂ ਲਈ ਲੜਨ ਦੀ ਥਾਂ ਖੁਦ ਨਾਲ ਸੰਘਰਸ਼ ਕਰ ਰਹੇ ਹਨ। ਇਸ ਕਾਰਨ ਅੱਜ, ਮੈਂ ਜਸਟਿਨ ਟਰੂਡੋ ਨੂੰ ਅਸਤੀਫਾ ਦੇਣ ਲਈ ਕਹਿ ਰਿਹਾ ਹਾਂ। ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਜਾਣਾ ਹੋਵੇਗਾ।

## ਟੋਰਾਂਟੋ ਵਿੱਚ ਦੋ ਟਰੱਕਾਂ ਦੀ ਟੱਕਰ 'ਚ ਪੈਦਲ ਜਾ ਰਹੇ ਵਿਅਕਤੀ ਦੀ ਮੌਤ



ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ): ਸੋਮਵਾਰ ਰਾਤ ਟੋਰਾਂਟੋ ਦੇ ਉੱਤਰ-ਪੱਛਮੀ ਏਂਡ 'ਤੇ ਦੋ ਟਰੱਕਾਂ ਦੀ ਟੱਕਰ ਹੋ ਗਈ ਜਿਸ ਕਾਰਨ ਪੈਦਲ ਜਾ ਰਹੇ ਵਿਅਕਤੀ ਦੀ ਮੌਤ ਹੋ ਗਈ। ਦੁਰਘਟਨਾ ਰੋਜਰਜ਼ ਰੋਡ ਕੋਲ ਵੇਸਟਨ ਰੋਡ 'ਤੇ ਹੋਈ।

ਟੋਰਾਂਟੋ ਪੁਲਿਸ ਸਰਵਿਸ (ਟੀਪੀਐੱਸ) ਨੇ ਕਿਹਾ ਕਿ ਉਨ੍ਹਾਂ ਨੂੰ ਹਾਦਸੇ ਦੀ ਸੂਚਨਾ ਸ਼ਾਮ 7 ਵਜੇ ਦੇ ਲਗਭਗ ਮਿਲੀ। ਘਟਨਾ ਸਥਾਨ ਕੋਲ ਮੀਡੀਆ ਨਾਲ ਗੱਲ ਕਰਦੇ ਹੋਏ, ਡਿਊਟੀ ਪੁਲਿਸ ਅਧਿਕਾਰੀ ਬਰਾਇਨ ਮੈਸਲੋਵਸਕੀ ਨੇ ਕਿਹਾ ਕਿ ਪੈਰਾਮੇਡਿਕਸ ਦੇ ਪਹੁੰਚਣ ਤੋਂ ਪਹਿਲਾਂ ਅਧਿਕਾਰੀਆਂ ਨੇ ਤੁਰੰਤ ਮੁੱਢਲੀ ਸਹਾਇਤਾ ਦੇਣਾ ਸ਼ੁਰੂ ਕਰ ਦਿੱਤਾ।

ਉੱਥੇ ਪਹੁੰਚਣ ਤੋਂ ਬਾਅਦ, ਉਨ੍ਹਾਂ ਨੇ ਇੱਕ ਬਾਲਗ ਨੂੰ ਗੰਭੀਰ ਹਾਲਤ ਵਿੱਚ ਟਰਾਮਾ ਸੈਂਟਰ ਪਹੁੰਚਾਇਆ।

ਪੁਲਿਸ ਨੇ ਦੱਸਿਆ ਕਿ ਹਾਦਸੇ ਵਿਚ ਪੈਦਲ ਜਾ ਰਿਹਾ ਜੋ 40 ਸਾਲਾ ਵਿਅਕਤੀ ਜ਼ਖਮੀ ਹੋਇਆ ਸੀ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਸ ਨੂੰ ਬਾਅਦ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ। ਹਾਦਸੇ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ ਹੈ।

ਮੈਸਲੋਵਸਕੀ ਨੇ ਦੱਸਿਆ ਕਿ ਪੀੜਤ ਚੁਰਾਸਤੇ ਦੇ ਵਿਚਕਾਰ ਮੋੜ ਵਾਲੀ ਲੇਨ ਵਿੱਚ ਸੀ ਜਦੋਂ ਉਸਨੂੰ ਟੱਕਰ ਲੱਗੀ। ਉਨ੍ਹਾਂ ਨੇ ਕਿਹਾ ਕਿ ਹਾਲ ਜਾਂਚ ਸ਼ੁਰੂਆਤੀ ਪੜਾਅ ਵਿੱਚ ਹੈ। ਮੈਸਲੋਵਸਕੀ ਨੇ ਕਿਹਾ ਕਿ ਇਸ ਸਮੇਂ ਦੋ ਟਰੱਕ ਚਾਲਕਾਂ ਖਿਲਾਫ ਚਾਰਜਿਜ਼ ਨਹੀਂ ਲਗਾਏ ਗਏ ਹਨ।

## ਟੋਰਾਂਟੋ ਤੋਂ ਐਡਮਿੰਟਨ ਜਾਣ ਵਾਲੀ ਫਲਾਈਟ 'ਚ ਬੱਚੇ ਨਾਲ ਦੁਰਵਿਵਹਾਰ ਦੇ ਮਾਮਲੇ 'ਚ ਔਰਤ ਗ੍ਰਿਫ਼ਤਾਰ

ਐਡਮਿੰਟਨ, 17 ਦਸੰਬਰ (ਪੋਸਟ ਬਿਊਰੋ): ਐਡਮਿੰਟਨ ਜਾਣ ਵਾਲੀ ਫਲਾਈਟ ਵਿੱਚ ਬੱਚੇ ਨਾਲ ਦੁਰਵਿਵਹਾਰ ਦੇ ਮਾਮਲੇ ਦੀ ਸੂਚਨਾ ਮਿਲਣ ਤੋਂ ਬਾਅਦ ਇੱਕ ਔਰਤ ਨੂੰ ਹਿਰਾਸਤ ਵਿੱਚ ਲਿਆ ਗਿਆ।

ਐਤਵਾਰ ਨੂੰ ਰਾਤ 8:53 ਵਜੇ ਫਲਾਈਟ ਕਰੂ ਵੱਲੋਂ ਮਾਊਂਟੀਜ਼ ਨੂੰ ਐਡਮਿੰਟਨ ਇੰਟਰਨੈਸ਼ਨਲ ਏਅਰਪੋਰਟ (ਇਗ) 'ਤੇ ਬੁਲ-ਾਇਆ ਗਿਆ।



ਪੁਲਿਸ ਟੋਰਾਂਟੋ ਤੋਂ ਉਡਾਨ ਭਰਨ ਵਾਲੇ ਵੇਸਟਜੈੱਟ ਜਹਾਜ਼ ਵਿਚ ਸਵਾਰ ਹੋਈ ਅਤੇ ਬੱਚੇ ਦੀ ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਬੱਚੇ ਨੂੰ ਮਾਮੂਲੀ ਸੱਟਾਂ ਕਾਰਨ ਹਸਪਤਾਲ ਲਿਜਾਇਆ ਗਿਆ ਅਤੇ ਉਸਨੂੰ ਬਾਲ ਅਤੇ ਪਰਿਵਾਰ ਸੇਵਾਵਾਂ ਵਿੱਚ ਟਰਾਂਸਫਰ ਕਰ ਦਿੱਤਾ ਗਿਆ।

ਮਾਂ ਨੂੰ ਬਿਨ੍ਹਾਂ ਕਿਸੇ ਚਾਰਜਿਜ਼ ਦੇ ਰਿਹਾਅ ਕਰ ਦਿੱਤਾ ਗਿਆ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਜਾਰੀ ਹੈ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ



# ਕਲੀਇਰਵਿਊ ਹਾਈਟਸ ਅਤੇ ਟਰੇਥਵੇ ਡਰਾਈਵ ਕੋਲ ਚੱਲੀ ਗੋਲੀ, ਇੱਕ ਟੀਨੇਜ਼ਰ ਗੰਭੀਰ ਜ਼ਖ਼ਮੀ



ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ): ਉੱਤਰ-ਪੱਛਮੀ ਟੋਰਾਂਟੋ ਵਿੱਚ ਸੋਮਵਾਰ ਰਾਤ ਨੂੰ ਹੋਈ ਗੋਲੀਬਾਰੀ ਵਿੱਚ ਇੱਕ ਟੀਨੇਜ਼ਰ ਗੰਭੀਰ ਜ਼ਖ਼ਮੀ ਹੋ ਗਿਆ।

ਡਿਊਟੀ ਇੰਸਪੈਕਟਰ ਬਰਾਇਨ ਮੈਸਲੋਵਸਕੀ ਨੇ ਕਿਹਾ ਕਿ ਕਈ ਨਿਵਾਸੀਆਂ ਦੁਆਰਾ ਕਲੀਅਰਵਿਊ ਹਾਈਟਸ ਅਤੇ ਟਰੇਥਵੇ ਡਰਾਈਵ ਕੋਲ ਗੋਲੀ ਚੱਲਣ ਦੀ ਸੂਚਨਾ ਮਿਲੀ। ਸ਼ਾਮ 6:25 ਵਜੇ ਤੋਂ ਪਹਿਲਾਂ ਅਧਿਕਾਰੀ ਏਗਲਿੰਟਨ ਏਵੇਨਿਊ ਵੇਸਟ ਅਤੇ ਬਲੈਕ ਕਰੀਕ ਡਰਾਈਵ ਦੇ ਇਲਾਕੇ ਵਿੱਚ ਪਹੁੰਚੇ।

ਉਨ੍ਹਾਂ ਨੇ ਕਿਹਾ ਕਿ ਘਟਨਾ ਸਥਾਨ ’ਤੇ ਪੁਲਿਸ ਨੇ ਇੱਕ ਟੀਨੇਜ਼ਰ ਨੂੰ ਗੋਲੀ ਲੱਗਣ ਕਾਰਨ ਜ਼ਖ਼ਮੀ ਕਾਲਤ ਵਿਚ ਪਾਇਆ ਸੀ। ਮੈਸਲੋਵਸਕੀ ਨੇ ਕਿਹਾ ਕਿ ਪੀਡਤ ਨੂੰ ਇਲਾਜ ਲਈ ਸਥਾਨਕ ਟਰਾਮਾ ਸੈਂਟਰ ਲਿਜਾਇਆ ਗਿਆ।

ਮੈਸਲੋਵਸਕੀ ਨੇ ਦੱਸਿਆ ਕਿ ਟੀਨੇਜ਼ਰ ਕਲੀਅਰਵਿਊ ਹਾਈਟਸ ’ਤੇ ਦੱਖਣ ਵੱਲ ਜਾ ਰਿਹਾ ਸੀ ਅਤੇ ਇੱਕ ਲਾਲ ਸੇਡਾਨ ਸੀ ਜੋ ਕਲੀਅਰਵਿਊ ਹਾਈਟਸ ’ਤੇ ਉੱਤਰ ਵੱਲ ਜਾ ਰਹੀ ਸੀ ਅਤੇ ਜਦੋਂ ਲਾਲ ਸੇਡਾਨ ਟੀਨੇਜ਼ਰ ਪੀੜਤ ਕੋਲ ਆਈ ਅਤੇ ਉਸ ਲਾਲ ਸੇਡਾਨ ਵਿੱਚ ਸਵਾਰ ਵਿਅਕਤੀ ਨੇ ਪੀੜਤ ’ਤੇ ਗੋਲੀ ਚਲਾ ਦਿੱਤੀ। ਉਨ੍ਹਾਂ ਨੇ ਕਿਹਾ ਕਿ ਵਾਹਨ ਦਾ ਚਾਲਕ ਉਸ ਇਲਾਕੇ ਵਿਚੋਂ ਭੱਜ ਗਿਆ। ਮੈਸਲੋਵਸਕੀ ਨੇ ਕਿਹਾ ਕਿ ਮੁਲਜਮਾਂ ਨੂੰ ਜਲਦੀ ਹੀ ਫੜ੍ਹ ਲਿਆ ਜਾਵੇਗਾ। ਪਿਛਲੇ ਕੁਝ ਸਮੇਂ ਵਿਚ ਇਹ ਦੂਜੀ ਗੋਲੀਬਾਰੀ ਦੀ ਘਟਨਾ। ਅਕਤੂਬਰ ਵਿੱਚ ਕਲੀਅਰਵਿਊ ਹਾਈਟਸ ’ਤੇ ਇੱਕ ਅਪਾਰਟਮੈਂਟ ਬਿਲਡਿੰਗ ਦੀਆਂ ਪੌੜੀਆਂ ਵਿੱਚ ਗੋਲੀ ਲੱਗਣ ਨਾਲ 26 ਸਾਲਾ ਨੌਜਵਾਨ ਦੀ ਮੌਤ ਹੋ ਗਈ ਸੀ।

# ਫੇਅਰਵਿਊ ਮਾਲ ਵਿੱਚ ਜਵੈਲਰੀ ਸਟੋਰ ਵਿੱਚ ਲੁੱਟ ਅਤੇ ਹਿਟ-ਐਂਡ-ਰਨ ਮਾਮਲੇ ਵਿੱਚ 6 ਮੁਲਜ਼ਮਾਂ ਦੀ ਤਲਾਸ਼ ਜਾਰੀ

ਟੋਰਾਂਟੋ, 17 ਦਸੰਬਰ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਛੇ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ, ਜੋ ਫੇਅਰਵਿਊ ਮਾਲ ਵਿੱਚ ਜਵੇਲਰੀ ਸਟੋਰ ਵਿੱਚ ਲੁੱਟ ਦੇ ਸਿਲਸਿਲੇ ਵਿੱਚ ਲੋੜੀਂਦੇ ਹਨ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰ ਕਰੀਬ 1:15 ਵਜੇ ਨਾਰਥ ਯਾਰਕ ਵਿੱਚ ਸ਼ੇਪਰਡ ਏਵੇਨਿਊ ਅਤੇ ਡਾਨ ਮਿਲਜ਼ ਰੋਡ ਕੋਲ ਸ਼ਾਪਿੰਗ ਸੈਂਟਰ ਵਿੱਚ ਲੁੱਟ ਦੀ ਸੂਚਨਾ ਮਿਲੀ ਸੀ।

ਟੋਰਾਂਟੋ ਪੁਲਿਸ ਸਰਵਿਸ ਨੇ ਕਿਹਾ ਕਿ ਮਾਸਕ ਅਤੇ ਦਸਤਾਨੇ ਪਹਿਨੇ ਛੇ ਪੁਰਸ਼ ਜਵੈਲਰੀ ਸਟੋਰ ਵਿੱਚ ਆਏ ਅਤੇ ਹਥੌੜਿਆਂ ਨਾਲ ਸਟੋਰ ਦੇ ਸ਼ੀਸ਼ੇ ਤੋੜ ਦਿੱਤੇ।

ਇਸਤੋਂ ਬਾਅਦ ਉਨ੍ਹਾਂ ਨੇ ਕਥਿਤ ਤੌਰ ’ਤੇ ਡਿਸਪਲੇ ਕੈਬਨਿਟ ਨੂੰ ਤੋੜ ਦਿੱਤਾ ਅਤੇ ਮਾਲ ਵਿਚੋਂ ਬਾਹਰ ਨਿਕਲਣ ਤੋਂ ਪਹਿਲਾਂ ਵੱਡੀ ਮਾਤਰਾ ਵਿੱਚ ਗਹਿਣੇ ਕੱਢ ਲਏ ਅਤੇ ਇੱਕ ਵਾਹਨ ਵਿੱਚ ਫਰਾਰ ਹੋ ਗਏ।

ਪੁਲਿਸ ਨੇ ਕਿਹਾ ਕਿ ਮਾਲ ਵਿਚੋਂ ਬਾਹਰ ਨਿਕਲਦੇ ਸਮੇਂ, ਵਾਹਨ ਦਾ ਚਾਲਕ ਇੱਕ ਟੱਕਰ ਵਿੱਚ ਸ਼ਾਮਿਲ ਸੀ। ਉਸ ਦੁਰਘਟਨਾ ਵਿੱਚ ਇੱਕ ਖੰਭਾ ਡਿੱਗ ਗਿਆ ਅਤੇ ਦੂਜੇ ਵਾਹਨ ਦਾ ਚਾਲਕ ਜ਼ਖ਼ਮੀ ਹੋ ਗਿਆ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਸੀ।

ਇਸ ਵਾਹਨ ਵਿਚ ਮੌਜੂਦ ਮੁਲਜ਼ਮ ਭੱਜ ਗਏ ਅਤੇ ਇੱਕ ਹੋਰ ਦੂਜੇ ਵਾਹਨ ਵਿੱਚ ਸਵਾਰ ਹੋ ਗਏ। ਉਹ ਵਾਹਨ ਇਲਾਕੇ ਤੋਂ ਗਾਇਬ ਹੋ ਗਿਆ ਸੀ ਪਰ ਬਾਅਦ ਵਿੱਚ ਯਾਰਕ ਰੀਜਨਲ ਪੁਲਿਸ ਦੀ ਮਦਦ ਨਾਲ ਉਸਨੂੰ ਲੱਭ ਲਿਆ ਗਿਆ ਸੀ।



# ਯੂਕਰੇਨੀ ਹਮਲੇ ’ਚ ਰੂਸ ਦੇ ਪਰਮਾਣੂ ਮੁਖੀ ਦੀ ਮੌਤ, ਰੂਸ ਨੇ ਕਿਹਾ- ਇਸ ਹਮਲੇ ਦਾ ਬਦਲਾ ਲਵਾਂਗੇ



ਮਾਸਕੋ, 17 ਦਸੰਬਰ (ਪੋਸਟ ਬਿਊਰੋ): ਰੂਸ ਦੇ ਨਿਊਕਲੀਅਰ ਚੀਫ ਇਗੋਰ ਕਿਰੀਲੋਵ ਦੀ ਮੰਗਲਵਾਰ ਨੂੰ ਮਾਸਕੋ 'ਚ ਹੋਏ ਧਮਾਕੇ 'ਚ ਮੌਤ ਹੋ ਗਈ ਹੈ। ਜਾਣਕਾਰੀ ਮੁਤਾਬਕ ਜਨਰਲ ਕਿਰੀਲੋਵ ਅਪਾਰਟਮੈਂਟ ਤੋਂ ਬਾਹਰ ਆ ਰਹੇ ਸਨ ਜਦੋਂ ਨੇੜੇ ਖੜ੍ਹੇ ਇਕ ਸਕੂਟਰ 'ਚ ਧਮਾਕਾ ਹੋ ਗਿਆ। ਇਸ ਵਿਚ ਕਿਰੀਲੋਵ ਦੇ ਨਾਲ ਉਸ ਦਾ ਸਹਾਇਕ ਵੀ ਮਾਰਿਆ ਗਿਆ। ਇਹ ਧਮਾਕਾ ਮਾਸਕੋ ਦੇ ਰਾਸ਼ਟਰਪਤੀ ਭਵਨ ਕ੍ਰੇਮਲਿਨ ਤੋਂ ਮਹਿਜ਼ 7 ਕਿਲੋਮੀਟਰ ਦੂਰ ਹੋਇਆ। ਰੂਸ ਦੀ ਜਾਂਚ ਏਜੰਸੀ ਨੇ ਕਿਹਾ ਕਿ ਧਮਾਕੇ ਲਈ 300 ਗ੍ਰਾਮ ਟੀਐੱਨਟੀ ਦੀ ਵਰਤੋਂ ਕੀਤੀ ਗਈ ਸੀ। ਏਜੰਸੀ ਨੇ ਅਪਰਾਧਿਕ ਹੱਤਿਆ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਰਾਈਟਰਜ਼ ਨੇ ਯੂਕਰੇਨੀ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਹੈ ਕਿ ਕਿਰੀਲੋਵ ਦੀ ਹੱਤਿਆ ਯੂਕਰੇਨ ਨੇ ਹੀ ਕਰਵਾਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਯੂਕਰੇਨ ਦੀ ਸੁਰੱਖਿਆ ਸੇਵਾ ਏਜੰਸੀ (ਐੱਸਬੀਯੂ) ਨਾਲ ਜੁੜੇ ਇੱਕ ਸੂਤਰ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ।

ਕਿਰਿਲੋਵ ਨੂੰ ਅਪ੍ਰੈਲ 2017 ਵਿੱਚ ਪ੍ਰਮਾਣੂ ਬਲਾਂ ਦਾ ਮੁਖੀ ਬਣਾਇਆ ਗਿਆ ਸੀ। ਉਹ ਰੂਸ ਦੇ ਰੇਡੀਏਸ਼ਨ, ਰਸਾਇਣਕ ਅਤੇ ਜੈਵਿਕ ਹਥਿਆਰਾਂ ਦੇ ਵਿਭਾਗ ਦੇ ਮੁਖੀ ਰਹਿ ਚੁੱਕੇ ਹਨ।

# ਟਰੰਪ ਨੇ ਕਿਹਾ- ਪੁਤਿਨ ਨਾਲ ਡੀਲ ਕਰਨ ਲਈ ਜ਼ੇਲੇਂਸਕੀ ਤਿਆਰ ਰਹਿਣ, ਜੰਗ ਰੋਕਣ ਲਈ ਯੂਕਰੇਨ ਨੂੰ ਕਰਨਾ ਪਵੇਗਾ ਸਮਝੌਤਾ

ਵਾਸ਼ਿੰਗਟਨ, 17 ਦਸੰਬਰ (ਪੋਸਟ ਬਿਊਰੋ): ਅਮਰੀਕਾ ਦੇ ਚੁਣੇ ਗਏ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੇ ਲਗਭਗ ਤਿੰਨ ਸਾਲਾਂ ਤੋਂ ਚੱਲ ਰਹੇ ਯੁੱਧ ਨੂੰ ਰੋਕਣ ਲਈ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਗੱਲਬਾਤ ਲਈ ਤਿਆਰ ਰਹਿਣਾ ਚਾਹੀਦਾ ਹੈ।



ਰਾਈਟਰਜ਼ ਦੀ ਰਿਪੋਰਟ ਮੁਤਾਬਕ ਟਰੰਪ ਨੇ ਕਿਹਾ ਕਿ ਉਹ ਜੰਗ ਕਾਰਨ ਹੋਈ ਤਬਾਹੀ ਨੂੰ ਦੇਖ ਕੇ ਬਹੁਤ ਦੁਖੀ ਹਨ। ਇਸ ਨੂੰ ਰੋਕਣਾ ਚਾਹੀਦਾ ਹੈ। ਇਸ ਲਈ ਉਹ ਪੁਤਿਨ ਅਤੇ ਜ਼ੇਲੇਂਸਕੀ ਨਾਲ ਗੱਲ ਕਰਨਗੇ। ਹਾਲਾਂਕਿ, ਟਰੰਪ ਨੇ ਇਹ ਨਹੀਂ ਦੱਸਿਆ ਕਿ ਉਹ ਯੂਕਰੇਨ ਯੁੱਧ ਨੂੰ ਕਿਵੇਂ ਰੋਕਣਗੇ।

ਟਰੰਪ ਨੇ ਕਿਹਾ ਕਿ ਯੁੱਧ ਕਾਰਨ ਜ਼ਿਆਦਾਤਰ ਵਿਵਾਦਿਤ ਇਲਾਕਾ ਮਲਬੇ 'ਚ ਤਬਦੀਲ ਹੋ ਗਿਆ ਹੈ ਅਤੇ ਇਸ ਦੀ ਮੁਰੰਮਤ 'ਚ 100 ਸਾਲ ਤੋਂ ਜ਼ਿਆਦਾ ਦਾ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ ਕਈ ਸ਼ਹਿਰ ਅਜਿਹੇ ਹਨ ਜਿੱਥੇ ਇਕ ਵੀ ਇਮਾਰਤ ਨਹੀਂ ਬਚੀ। ਸਭ ਕੁਝ ਤਬਾਹ ਹੋ ਗਿਆ ਹੈ।

ਟਰੰਪ ਨੇ ਕਿਹਾ ਕਿ ਰੂਸ-ਯੂਕਰੇਨ ਯੁੱਧ ਦੀਆਂ ਅਜਿਹੀਆਂ ਕਈ ਤਸਵੀਰਾਂ ਹਨ, ਜਿਨ੍ਹਾਂ 'ਚ ਲਾਸ਼ਾਂ ਬੁਰੀ ਹਾਲਤ 'ਚ ਪਈਆਂ ਹਨ। ਇਨ੍ਹਾਂ ਨੂੰ ਦੇਖ ਕੇ ਮੈਨੂੰ 1861-1865 ਤੱਕ ਚੱਲੀ ਅਮਰੀਕੀ ਘਰੇਲੂ ਜੰਗ ਦੀਆਂ ਭਿਆਨਕ ਤਸਵੀਰਾਂ ਯਾਦ ਆ ਜਾਂਦੀਆਂ ਹਨ।

ਇਸ ਤੋਂ ਪਹਿਲਾਂ ਅਮਰੀਕੀ ਚੋਣਾਂ ਦੌਰਾਨ ਡੋਨਾਲਡ ਟਰੰਪ ਨੇ ਬਿਡੇਨ ਪ੍ਰਸ਼ਾਸਨ ਵੱਲੋਂ ਯੂਕਰੇਨ ਨੂੰ ਦਿੱਤੀ ਗਈ ਅਰਬਾਂ ਡਾਲਰ ਦੀ ਮਦਦ 'ਤੇ ਸਵਾਲ ਖੜ੍ਹੇ ਕੀਤੇ ਸਨ। ਪਿਛਲੇ ਹਫ਼ਤੇ ਟਾਈਮ ਮੈਗਜ਼ੀਨ ਨੂੰ ਦਿੱਤੇ ਇੰਟਰਵਿਊ ਵਿੱਚ ਟਰੰਪ ਨੇ ਇਹ ਵੀ ਕਿਹਾ ਸੀ ਕਿ ਉਹ ਰੂਸ-ਯੂਕਰੇਨ ਜੰਗ ਨੂੰ ਜਲਦੀ ਤੋਂ ਜਲਦੀ ਰੋਕਣਾ ਚਾਹੁੰਦੇ ਹਨ।

# ਜਰਮਨੀ ਵਿੱਚ ਚਾਂਸਲਰ ਸੋਲਜ਼ ਦੀ ਸਰਕਾਰ ਡਿੱਗੀ, ਸੰਸਦ ਵਿੱਚ ਅਵਿਸ਼ਵਾਸ ਪ੍ਰਸਤਾਵ ਹਾਰੇ

ਬਰਲਿਨ, 17 ਦਸੰਬਰ (ਪੋਸਟ ਬਿਊਰੋ): ਜਰਮਨੀ ਵਿੱਚ, ਸੰਸਦ ਦੇ ਹੇਠਲੇ ਸਦਨ, ਬੁੰਡਸਟੈਗ ਵਿੱਚ ਚਾਂਸਲਰ ਓਲਾਫ ਸੋਲਜ਼ ਖਿਲਾਫ ਇੱਕ ਬੇਭਰੋਸਗੀ ਮਤਾ ਪਾਸ ਕੀਤਾ ਗਿਆ ਹੈ। ਰਾਈਟਰਜ਼ ਮੁਤਾਬਕ ਸੋਮਵਾਰ ਨੂੰ ਜਰਮਨੀ ਦੇ 733 ਸੀਟਾਂ ਵਾਲੇ ਹੇਠਲੇ ਸਦਨ 'ਚ ਅਵਿਸ਼ਵਾਸ ਪ੍ਰਸਤਾਵ 'ਤੇ ਵੋਟਿੰਗ ਹੋਈ। ਇਸ ਵਿੱਚ 394 ਮੈਂਬਰਾਂ ਨੇ ਸੋਲਜ਼ ਖਿਲਾਫ ਵੋਟ ਪਾਈ, 207 ਸੰਸਦ ਮੈਂਬਰਾਂ ਨੇ ਉਨ੍ਹਾਂ ਦਾ ਸਮਰਥਨ ਕੀਤਾ, ਜਦੋਂਕਿ 116 ਮੈਂਬਰ ਗੈਰ ਹਾਜ਼ਰ ਰਹੇ।

ਸੋਲਜ਼ ਨੂੰ ਬਹੁਮਤ ਹਾਸਿਲ ਕਰਨ ਲਈ 367 ਸੰਸਦ ਮੈਂਬਰਾਂ ਦੇ ਸਮਰਥਨ ਦੀ ਲੋੜ ਸੀ। ਵੋਟਿੰਗ ਦੇ ਨਤੀਜੇ ਆਉਣ ਤੋਂ ਤੁਰੰਤ ਬਾਅਦ, ਚਾਂਸਲਰ ਓਲਾਫ ਸਕੋਲਜ਼ ਨੇ ਜਰਮਨ ਦੇ ਰਾਸ਼ਟਰਪਤੀ ਫਰੈਂਕ ਵਾਲਟਰ ਸਟੇਨਮੀਅਰ ਨੂੰ ਸੰਸਦ ਨੂੰ ਭੰਗ ਕਰਨ ਅਤੇ ਨਵੀਆਂ ਚੋਣਾਂ ਕਰਵਾਉਣ ਦੀ ਅਪੀਲ ਕੀਤੀ।

ਜਰਮਨੀ ਵਿੱਚ ਚਾਂਸਲਰ ਭਾਰਤ ਵਿੱਚ ਪ੍ਰਧਾਨ ਮੰਤਰੀ ਵਾਂਗ ਹੈ। ਚਾਂਸਲਰ ਸੋਲਜ਼ ਨੇ ਭਰੋਸੇ ਦਾ ਵੋਟ ਹਾਸਿਲ ਕਰਨ ਲਈ 15 ਜਨਵਰੀ ਤੱਕ ਦਾ ਸਮਾਂ ਮੰਗਿਆ ਸੀ। ਹੁਣ ਸੰਵਿਧਾਨ ਅਨੁਸਾਰ, ਜਰਮਨ ਰਾਸ਼ਟਰਪਤੀ ਨੂੰ 21 ਦਿਨਾਂ ਦੇ ਅੰਦਰ ਜਰਮਨ ਸੰਸਦ ਦੇ ਹੇਠਲੇ ਸਦਨ ਨੂੰ ਭੰਗ ਕਰਨਾ ਹੋਵੇਗਾ ਅਤੇ 60 ਦਿਨਾਂ ਦੇ ਅੰਦਰ ਨਵੀਆਂ ਆਮ ਚੋਣਾਂ ਕਰਵਾਉਣੀਆਂ ਪੈਣਗੀਆਂ। ਜੇਕਰ ਅਜਿਹਾ ਹੁੰਦਾ ਹੈ ਤਾਂ ਦੇਸ਼ ਵਿੱਚ ਸਮੇਂ ਤੋਂ 7 ਮਹੀਨੇ ਪਹਿਲਾਂ ਚੋਣਾਂ ਹੋਣਗੀਆਂ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA
Professional Corporation
214-7895 Tranmere Drive, Mississauga ON L5S 1V9

# ਜਾਰਜੀਆ ਦੇ ਰੈਸਟੋਰੈਂਟ ’ਚ ਗੈਸ ਲੀਕ ਹੋਣ ਕਾਰਨ 11 ਭਾਰਤੀਆਂ ਦੀ ਮੌਤ

ਤਬਿਲਿਸੀ, 17 ਦਸੰਬਰ (ਪੋਸਟ ਬਿਊਰੋ): ਜਾਰਜੀਆ ਦੇ ਗੁਡੌਰੀ ਵਿੱਚ ਇੱਕ ਰੈਸਟੋਰੈਂਟ ਵਿੱਚ 11 ਭਾਰਤੀਆਂ ਸਮੇਤ 12 ਲੋਕਾਂ ਦੀ ਮੌਤ ਹੋ ਗਈ। 12ਵਾਂ ਵਿਅਕਤੀ ਜਾਰਜੀਆ ਦਾ ਰਹਿਣ ਵਾਲਾ ਹੈ। ਪੁਲਿਸ ਮੁਤਾਬਕ ਇਹ ਸਾਰੇ ਰੈਸਟੋਰੈਂਟ ਦੀ ਦੂਜੀ ਮੰਜ਼ਿਲ 'ਤੇ ਇਕ ਕਮਰੇ 'ਚ ਸੌਂ ਰਹੇ ਸਨ। ਫਿਰ ਕਾਰਬਨ ਮੋਨੋਆਕਸਾਈਡ ਲੀਕ ਹੋਣ ਕਾਰਨ ਉਨ੍ਹਾਂ ਦਾ ਦਮ ਘੁੱਟ ਗਿਆ। ਪੁਲਿਸ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ 'ਚ ਉਨ੍ਹਾਂ ਦੇ ਸਰੀਰ 'ਤੇ ਹਿੰਸਾ ਜਾਂ ਸੱਟ ਦੇ ਕੋਈ ਨਿਸ਼ਾਨ ਨਹੀਂ ਮਿਲੇ ਹਨ।



ਜਾਰਜੀਆ ਦੀ ਰਾਜਧਾਨੀ ਤਬਿਲਿਸੀ ਸਥਿਤ ਭਾਰਤੀ ਦੂਤਾਵਾਸ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਦੂਤਾਵਾਸ ਨੇ ਕਿਹਾ ਕਿ ਅਸੀਂ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਲਾਸ਼ਾਂ ਨੂੰ ਜਲਦੀ ਭਾਰਤ ਭੇਜਿਆ ਜਾ ਸਕੇ।

ਜਾਰਜੀਆ ਦੇ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਸੀਐੱਨਐੱਨ ਅਨੁਸਾਰ, ਇੱਕ ਜਨਰੇਟਰ ਮਜ਼ਦੂਰਾਂ ਦੇ ਬਿਸਤਰਿਆਂ ਦੇ ਨੇੜੇ ਮਿਲਿਆ ਸੀ ਅਤੇ ਸ਼ਾਇਦ ਬਿਜਲੀ ਕੱਟਣ ਤੋਂ ਬਾਅਦ ਚਾਲੂ ਕੀਤਾ ਗਿਆ ਸੀ। ਇਸ ਨਾਲ ਗੈਸ ਨਿਕਲਦੀ ਹੈ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ‘ਆਇਰਨਮੈਨ’ ਹਰਜੀਤ ਸਿੰਘ ਨੂੰ ਬਰੈਂਪਟਨ ਸਿਟੀ ਕੌਂਸਲ ਵੱਲੋਂ ਸਿਟੀ ਹਾਲ ਵਿੱਚ ਬੁਲਾ ਕੇ ਕੀਤਾ ਗਿਆ ਸਨਮਾਨਿਤ







## ਜੀਟੀਐੱਮ ਨੇ ਹਰਜੀਤ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ

ਬਰੈਂਪਟਨ, (ਡਾ. ਝੰਡ) - ਅਮਰੀਕਾ ਦੇ ਮਸ਼ਹੂਰ ਸ਼ਹਿਰ ਸੈਕਰਾਮੈਂਟੋ ਵਿੱਚ ਹੋਏ 27 ਅਗਸਤ ਨੂੰ ਦੁਨੀਆਂ-ਭਰ ਦੇ ਸੱਭ ਤੋਂ ਸਖ਼ਤ ‘ਆਇਰਨਮੈਨ ਮੁਕਾਬਲੇ’ ਵਿੱਚ ਜੇਤੂ ਕਰਾਰ ਦਿੱਤੇ ਗਏ ‘ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ’ (ਟੀਪੀਏਆਰ ਕਲੱਬ) ਦੇ ਸਰਗ਼ਰਮ ਮੈਂਬਰ ਹਰਜੀਤ ਸਿੰਘ ਉਰਫ਼ ‘ਹੈਰੀ’ ਨੂੰ ਬਰੈਂਪਟਨ ਦੀਆਂ ਦੋ ਵੱਖ-ਵੱਖ ਸੰਸਥਾਵਾਂ ਵੱਲੋਂ ਲੰਘੇ ਹਫ਼ਤੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਵਾਲੀਆਂ ਇਨ੍ਹਾਂ ਸੰਸਥਾਵਾਂ ਵਿੱਚ ਬਰੈਂਪਟਨ ਦੀ ਸਿਟੀ ਕੌਂਸਲ ਅਤੇ ‘ਗਰੇਟਰ ਟੋਰਾਂਟੋ ਮੌਰਟਗੇਜ’ (ਜੀਟੀਐੱਮ) ਸ਼ਾਮਲ ਸਨ।

ਲੰਘੇ ਮੰਗਲਵਾਰ 10 ਦਸੰਬਰ ਨੂੰ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਰੀਜਨਲ ਕੌਂਸਲਰਾਂ ਗੁਰਪ੍ਰਤਾਪ ਸਿੰਘ ਤੂਰ ਤੇ ਨਵਜੀਤ ਕੌਰ ਬਰਾੜ ਨੇ ਸਿਟੀ ਕੌਂਸਲ ਦੇ ਦਫ਼ਤਰ ਵਿੱਚ ਬੁਲਾ ਕੇ ਹਰਜੀਤ ਸਿੰਘ ਨੂੰ ਸਨਮਾਨ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। 64 ਸਾਲ ਦੀ ਇਸ ਉਮਰ ਵਿਚ ਹਰਜੀਤ ਸਿੰਘ ਦੀਆਂ ਵੱਡੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਮੇਅਰ ਪੈਟਰਿਕ ਬਰਾਊਨ ਵੱਲੋਂ ਉਸ ਦੀ ਵੱਡ-ਆਕਾਰੀ ਤਸਵੀਰ ਬਰੈਂਪਟਨ ਦੇ ਗੋਰਮੀਡੋ ਕਮਿਊਨਿਟੀ ਸੈਂਟਰ ਵਿਚ ਲਗਾਉਣ ਦਾ ਫ਼ੈਸਲਾ ਕੀਤਾ ਗਿਆ।

ਇਸ ਦੇ ਨਾਲ ਹੀ ਮੇਅਰ ਪੈਟਰਿਕ ਬਰਾਊਨ ਵੱਲੋਂ ਹਰਜੀਤ ਸਿੰਘ ਅਤੇ ਉਨ੍ਹਾਂ ਦੇ ਨਾਲ ਗਏ ਟੀਪੀਏਆਰ ਕਲੱਬ ਦੇ ਮੈਂਬਰਾਂ ਗੈਰੀ ਗਰੇਵਾਲ, ਸੁਖਦੇਵ ਸਿਧਵਾਂ, ਜਸਬੀਰ ਸਿੰਘ ਅਤੇ ਮਹਿਤਾਬ ਸਿੰਘ ਨੂੰ ਅਗਲੇ ਦਿਨ ਬੁੱਧਵਾਰ 11 ਦਸੰਬਰ ਨੂੰ ਫਿਰ ਬਰੈਂਪਟਨ ਸਿਟੀ ਹਾਲ ਆਉਣ ਦਾ ਸੱਦਾ ਦਿੱਤਾ ਗਿਆ ਤਾਂ ਜੋ ਉਸ ਦਿਨ ਹੋ ਰਹੀ ਬਰੈਂਪਟਨ ਸਿਟੀ ਦੀ ਕੌਂਸਲ ਦੀ ਮੀਟਿੰਗ ਵਿੱਚ ਸਮੂਹ ਕੌਂਸਲਰ ਸਾਹਿਬਾਨ, ਸਟਾਫ਼ ਅਤੇ ਦਰਸ਼ਕ ਗੈਲਰੀ ਵਿਚ ਬੈਠੇ ਲੋਕਾਂ ਦੇ ਸਾਹਮਣੇ ਹਰਜੀਤ ਸਿੰਘ ਨੂੰ ਮੁੜ ਸਨਮਾਨਿਤ ਕੀਤਾ ਜਾ ਸਕੇ। ਅਗਲੇ ਦਿਨ ਜਦੋਂ ਉਹ ਸਾਰੇ ਬਰੈਂਪਟਨ ਸਿਟੀ ਹਾਲ ਪਹੁੰਚੇ ਤਾਂ ਮੇਅਰ ਅਤੇ ਡਿਪਟੀ ਮੇਅਰ ਵੱਲੋਂ ਸਮੂਹ ਕੌਂਸਲ ਸਾਹਿਬਾਨ ਦੀ ਹਾਜ਼ਰੀ ਵਿਚ ਹਰਜੀਤ ਸਿੰਘ ਨੂੰ ਫਿਰ ਸਨਮਾਨਿਤ ਕੀਤਾ ਗਿਆ। ਮੇਅਰ ਪੈਟਰਿਕ ਬਰਾਊਨ ਦਾ ਇਸ ਮੌਕੇ ਕਹਿਣਾ ਸੀ ਕਿ ਇਹ ਸਾਰੇ ਹੀ ਬਰੈਂਪਟਨ-ਵਾਸੀਆਂ ਲਈ ਬੜੇ ਮਾਣ ਵਾਲੀ ਗੱਲ ਹੈ।

ਇਸ ਤੋਂ ਇੱਕ ਹਫ਼ਤਾ ਪਹਿਲਾਂ 5 ਦਸੰਬਰ ਨੂੰ ਜੀਟੀਐੱਮ ਦੇ ਦਫ਼ਤਰ ਵਿਚ ਆਯੋਜਿਤ ਕੀਤੇ ਗਏ ਸਨਮਾਨ ਸਮਾਗ਼ਮ ਵਿਚ ਜੀਟੀਐੱਮ ਦੇ ਮੁੱਖ-ਪ੍ਰਬੰਧਕ ਬਲਜਿੰਦਰ ਸਿੰਘ ਲੇਲਣਾ, ਜਸਪਾਲ ਸਿੰਘ ਗਰੇਵਾਲ ਅਤੇ ਉਨ੍ਹਾਂ ਦੇ ਸਟਾਫ਼ ਮੈਂਬਰਾਂ ਵੱਲੋਂ ਹਰਜੀਤ ਸਿੰਘ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਬਰੈਂਪਟਨ ਵੈੱਸਟ ਦੇ ਐੱਮਪੀਪੀ ਅਮਰਜੋਤ ਸਿੰਘ ਸੰਧੂ ਇਸ ਮੌਕੇ ਮੁੱਖ-ਮਹਿਮਾਨ ਵਜੋਂ ਪਧਾਰੇ। ਅਮਰਜੋਤ ਸੰਧੂ, ਬਲਜਿੰਦਰ ਲੇਲਣਾ ਤੇ ਜਸਪਾਲ ਗਰੇਵਾਲ ਨੇ ਮਿਲ਼ ਕੇ ਹਰਜੀਤ ਸਿੰਘ ਦੇ ਗਲ਼ ਵਿਚ ਸੋਨੇ ਦਾ ਮੈਡਲ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਸਮਾਗ਼ਮ ਵਿਚ ਜਸਪਾਲ ਸਿੰਘ ਗਰੇਵਾਲ ਤੇ ਜਗਤਾਰ ਸਿੰਘ ਗਰੇਵਾਲ ਦੇ ਮਾਤਾ ਜੀ ਵਿਸ਼ੇਸ਼ ਤੌਰ ‘ਤੇ ਸ਼ਾਮਲ ਹੋਏ। ਟੀਪੀਏਆਰ ਕਲੱਬ ਦੇ ਸਮੂਹ ਮੈਂਬਰ ਇਸ ਸਮਾਗ਼ਮ ਵਿਚ ਹਾਜ਼ਰ ਸਨ।

ਇੱਥੇ ਪਾਠਕਾਂ ਨੂੰ ਇਹ ਦੱਸਣਾ ਬਣਦਾ ਹੈ ਕਿ ਸੰਸਾਰ-ਪੱਧਰ ਦੇ ਇਸ ‘ਆਇਰਨਮੈਨ ਮੁਕਾਬਲੇ’ ਵਿਚ ਭਾਗ ਲੈਣ ਵਾਲਿਆਂ ਨੂੰ ਸੱਭ ਤੋਂ ਪਹਿਲਾਂ ਚਾਰ ਘੰਟੇ ਝੀਲ ਦੇ ਖੁੱਲ੍ਹੇ ਪਾਣੀ ਵਿੱਚ ਤੈਰਨਾ ਹੁੰਦਾ ਹੈ ਅਤੇ ਇਸ ਵਿਚ ਨਿਸਚਤ ਸਮੇਂ ਵਿੱਚ ਸਫ਼ਲ ਹੋਣ ਤੋਂ ਬਾਅਦ ਇਸ ਦੇ ਦੂਸਰੇ ਦੌਰ ਵਿਚ 180 ਕਿਲੋਮੀਟਰ ਬਾਈਸਾਈਕਲ ਚਲਾਉਣਾ ਹੁੰਦਾ ਹੈ। ਦੂਸਰੇ ਦੌਰ ਵਿੱਚ ਸਫ਼ਲ ਹੋਣ ਤੋਂ ਬਾਅਦ ਤੀਸਰੇ ਦੌਰ ਵਿਚ ਉਨ੍ਹਾਂ ਨੇ 42 ਕਿਲੋਮੀਟਰ ਦੌੜਨਾ ਹੁੰਦਾ ਹੈ। ਜ਼ਿਕਰਯੋਗ ਹੈ ਕਿ ਮੁਕਾਬਲੇ ਦੇ ਇਹ ਤਿੰਨੇ ਪੜਾਅ ਉਨ੍ਹਾਂ ਨੇ 16 ਤੋਂ 17 ਘੰਟਿਆਂ ਦੇ ਵਿੱਚ-ਵਿੱਚ ਪੂਰੇ ਕਰਨੇ ਹੁੰਦੇ ਹਨ। ਤਾਂ ਜਾ ਕੇ ਇਨ੍ਹਾਂ ਮੁਕਾਬਲੇਬਾਜ਼ਾਂ ਦਾ ‘ਆਇਰਨਮੈਨ’ ਦੇ ਖ਼ਿਤਾਬ ਨੂੰ ਹੱਥ ਪੈਂਦਾ ਹੈ। ਹਰਜੀਤ ਸਿੰਘ ਨੇ ਇਹ ਤਿੰਨੇ ਪੜਾਅ ਨਿਰਧਾਰਤ ਸਮੇਂ ਵਿਚ ਪੂਰੇ ਕਰਕੇ ਇਹ ਖ਼ਿਤਾਬ ਹਾਸਲ ਕੀਤਾ ਹੈ। ਕੇਵਲ ਟੀਪੀਏਆਰ ਕਲੱਬ ਦੇ ਸਮੂਹ ਮੈਂਬਰਾਂ ਅਤੇ ਬਰੈਂਪਟਨ-ਵਾਸੀਆਂ ਲਈ ਹੀ ਨਹੀਂ, ਸਗੋਂ ਸਮੂਹ ਪੰਜਾਬੀ ਕਮਿਊਨਿਟੀ ਲਈ ਇਹ ਬੜੇ ਮਾਣ ਵਾਲੀ ਗੱਲ ਹੈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old,5-10"tall, cleanshave, Canadian Citizen. Call at 204-510-7658 for more info.

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਡ ਸਕਿੰਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡਿਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**






# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ



ਮਲਕੀਤ ਸਿੰਘ ਸਿੱਧੂ ਕੈਨੇਡਾ

ਇਹ ਤਾਂ ਸਾਨੂੰ ਸਭ ਨੂੰ ਪਤਾ ਹੈ ਕਿ ਸਰਹੰਦ ਦੀ ਗੜੀ ਚੋਂ ਨਿਕਲ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਰਵਾਰ ਵਿਛੜ ਗਿਆ, ਜਿਸ ਨੂੰ ਪਰਵਾਰ ਵਿਛੋੜਾ ਕਿਹਾ ਜਾਂਦਾ ਹੈ। ਦੋ ਵੱਡੇ ਸਾਹਿਬਜ਼ਾਦੇ ਲੜਾਈ ਵਿੱਚ ਸ਼ਹੀਦ ਹੋ ਜਾਂਦੇ ਹਨ ਤੇ ਬਾਕੀ ਦਾ ਪਰਵਾਰ ਸਰਸਾ ਨਦੀ ਪਾਰ ਕਰਦਿਆਂ ਗੁਰੂ ਸਾਹਿਬ ਤੋਂ ਵਿੱਛੜ ਜਾਂਦਾ ਹੈ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਆਪਣੇ ਬਹੁਤ ਹੀ ਭਰੋਸੇਯੋਗ ਨੌਕਰ ਨਾਲ ਉਹਦੇ ਘਰੇ ਚਲੇ ਗਏ। ਨੌਕਰ ਨੂੰ ਭਿਣਕ ਪਈ ਕੇ ਮਾਤਾ ਜੀ ਕੋਲ ਮੋਹਰਾਂ ਤੇ ਹੀਰਿਆਂ ਨਾਲ ਭਰੀ ਥੈਲੀ ਹੈ। ਨੌਕਰ ਨੇ ਸੋਚਿਆ ਵਫਾਦਾਰੀ ਜਾਵੇ ਚੁੱਲੇ ਵਿੱਚ, ਸੋਨੇ ਚਾਂਦੀ ਦੀ ਥੈਲੀ ਨੂੰ ਹਥਿਆਉਣ ਲਈ ਜਾ ਖ਼ਬਰ ਕੀਤੀ ਸਰਕਾਰੇ ਦਰਬਾਰੇ।

ਚੜ ਆਈ ਗਾਰਦ ਅਗਲੇ ਦਿਨ ਮਾਤਾ ਜੀ ਤੇ ਨਿੱਕੀਆਂ ਜਿੰਦਾਂ ਨੂੰ ਗ੍ਰਿਫ਼ਤਾਰ ਕਰਨ। ਗ੍ਰਿਫਤਾਰ ਕਰਕੇ ਉਹਨਾਂ ਨੂੰ ਸਰਹੰਦ ਲਿਆਂਦਾ ਗਿਆ, ਉਥੇ ਉਹਨਾਂ ਨੂੰ ਠੰਡੇ ਬੁਰਜ ਵਿੱਚ ਕੈਦ ਕੀਤਾ ਗਿਆ। ਅੱਠ ਪਹਿਰ ਦਾਦੀ ਪੋਤੇ ਭੁੱਖੇ ਤਿਹਾਏ ਰਹੇ। ਸਾਰੀ ਰਾਤ ਦਾਦੀ ਪੋਤਿਆਂ ਨੂੰ ਗੋਦੀ ਵਿੱਚ ਲੈ ਕੇ ਸੂਰਬੀਰ ਯੋਧਿਆਂ ਦੀਆਂ ਸਾਖੀਆਂ ਸੁਣਉਂਦੀ ਰਹੀ। ਕੋਈ ਜੁੱਲੀ ਬਿਸਤਰਾ ਨਹੀਂ ਸੀ, ਠੰਡਾ ਬੁਰਜ, ਪੋਹ ਦੀ ਸਰਦੀ, ਢਿੱਡੋਂ ਭੁੱਖੇ, ਸਿਰ ਤੇ ਮੌਤ ਦਾ ਭੈ, ਨੀਂਦ ਅੱਖਾਂ ਦੇ ਨੇੜ ਨਹੀਂ ਫੜਕੀ। ਅਗਲੇ ਦਿਨ ਕਚਾਹਿਰੀ ਲੱਗੀ, ਤਾਂ ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ।

ਸਰਹੰਦ ਦਾ ਸੂਬੇਦਾਰ ਵਜ਼ੀਰਾ ਖਾਂ ਕਚਾਹਿਰੀ ਵਿੱਚ ਸਜਿਆ ਧਜਿਆ ਬੈਠਾ ਸੀ। ਸਪਾਹੀਆਂ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਸੂਬੇਦਾਰ ਨੂੰ ਝੁਕ ਕੇ ਸਲਾਮ ਕਰੋ, ਨਹੀਂ ਤਾਂ ਅਣਆਈ ਮੌਤ ਮਾਰੇ ਜਾਵੋਂਗੇ। ਸਾਹਿਬਜ਼ਾਦਿਆਂ ਸਲਾਮ ਕਰਨ ਦੀ ਬਜਾਏ ਫਤਹਿ ਬੁਲਾਈ, ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ ਅਤੇ ਸੂਬਾ ਸਰਹੰਦ ਅੱਧ ਮੋਏ ਸੱਪ ਵਾਂਗੂੰ ਵਿਉਹ ਘੋਲਣ ਲੱਗਾ। ਕੁੱਝ ਚਿਰ ਲਈ ਗੁੱਸੇ ਨੂੰ ਕਾਬੂ ਕਰਦਿਆਂ ਪਹਿਲਾਂ ਤਾਂ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ। ਇਹਨਾ ਗਿੱਦੜ ਧਮਕੀਆਂ ਦਾ ਕੋਈ ਅਸਰ ਨਾ ਹੁੰਦਾ ਦੇਖ ਕੇ ਵਜ਼ੀਰ ਖਾਂ ਨੇ ਪੈਂਤੜਾ ਬਦਲ ਲਿਆ। ਬੱਚਿਆਂ ਨੂੰ ਹਰ ਕਿਸਮ ਦੇ ਲਾਲਚ ਵਿਖਾਉਣ ਲੱਗਾ। ਜਗੀਰਾਂ ਨਵਾਬੀਆਂ, ਨਵਾਬਜ਼ਾਦੀਆਂ ਦੇ ਡੋਲੇ, ਅਣਡਿੱਠੇ ਬਹਿਸ਼ਤਾਂ ਦੇ ਲਾਰੇ ਲਾਉਣ ਲੱਗਾ, ਪਰ ਉਹ ਬੀਰ-ਬਾਲਕ ਕਿਸੇ ਝੱਸੇ ਵਿੱਚ ਨਾ ਆਏ। ਅੰਤ ਖਿਜ ਕੇ ਵਜ਼ੀਰ ਖਾਂ ਕਿਹਾ, "ਬੇ-ਸਮਝ ਬਾਲਕੋ, ਮੇਰੀ ਆਖਰੀ ਸ਼ਰਤ ਸੁਣ ਲਵੋ। ਜਾਂ ਇਸਲਾਮ ਪ੍ਰਵਾਨ ਕਰ ਲਵੋ, ਨਹੀਂ ਤਾ ਸਖ਼ਤ ਤਸੀਹੇ ਦੇ ਕੇ ਮਾਰੇ ਜਾਓਗੇ।" "ਜਿੰਨੇ ਮਰਜ਼ੀ ਤਸੀਹੇ ਦੇ ਲਵੋ, ਅਸੀਂ ਇਸਲਾਮ ਕਬੂਲ ਨਹੀਂ ਕਰਾਂਗੇ," ਬੱਚਿਆਂ ਨੇ ਛਾਤੀ ਤਾਣ ਕੇ ਜਵਾਬ ਦਿੱਤਾ।

ਉਸ ਸਮੇਂ ਸ਼ੇਰ ਮੁਹੰਮਦ ਖਾਂ ਮਲੇਰ ਕੋਟਲੇ ਵਾਲੇ ਵੀ ਕਚਾਹਿਰੀ ਵਿੱਚ ਬੈਠੇ ਸਨ। ਵਜ਼ੀਰ ਖਾਂਨ ਨੇ ਸੰਬੋਦਨ ਕਰਕੇ ਕਿਹਾ, "ਖਾਨ ਸਾਹਿਬ, ਚਮਕੌਰ ਦੀ ਲੜਾਈ ਵਿੱਚ ਗੁਰੂ ਨੇ ਤੁਹਾਡੇ ਭਾਈ ਨਾਹਰ ਖਾਂ ਨੂੰ ਕਤਲ ਕੀਤਾ ਸੀ, ਅੱਜ ਤੁਸੀਂ ਇਹਨਾ ਨੂੰ ਕਤਲ ਕਰਕੇ ਭਰਾ ਦਾ ਬਦਲਾ ਲੈ ਲਵੋ।" ਸ਼ੇਰ ਮੁਹੰਮਦ ਨੇ ਮਰਦਾਂ ਵਾਲੀ ਗੱਲ ਕਹੀ,"ਨਵਾਬ ਸਾਹਿਬ, ਮੇਰੇ ਭਰਾ ਭਤੀਜੇ ਜੰਗ ਦੇ ਮੈਦਾਨ ਵਿੱਚ ਲੜਦੇ ਹੋਏ ਮਾਰੇ ਗਏ ਸਨ। ਅੱਜ ਵੀ ਗੋਬਿੰਦ ਸਿੰਘ ਮੇਰੇ ਸਾਹਮਣੇ ਆ ਜਾਵੇ ਤਾਂ ਮੈਂ ਮਰਦਾਂ ਵਾਂਗ ਉਸ ਤੋਂ ਬਦਲਾ ਲਵਾਂਗਾ। ਪਰ ਇਹਨਾਂ ਮਾਸੂਮ ਬੱਚਿਆਂ ਨੂੰ ਇਹਨਾ ਦੇ ਪਿਤਾ ਦੀ ਕੀਤੀ ਬਦਲੇ ਸਜ਼ਾ ਨਹੀਂ ਦਿੱਤੀ ਜਾ ਸਕਦੀ, ਇਹ ਬੇਗੁਨਾਹ ਹਨ। ਇਸਲਾਮੀ ਸ਼ਰ੍ਹਾ ਵਿੱਚ ਮਾਸੂਮ ਅਤੇ ਬੇਗੁਨਾਹ ਬੱਚਿਆਂ ਨੂੰ ਮਾਰਨਾ ਪਾਪ ਹੈ।" ਇਹ ਕਹਿ ਕੇ ਸ਼ੇਰ ਮੁਹੰਮਦ ਕਚਾਹਿਰੀ ਵਿੱਚੋਂ ਉੱਠ ਕੇ ਚਲਾ ਗਿਆ।

ਭੈ ਤੇ ਲਾਲਚ ਵਾਲੀ ਕੋਈ ਵੀ ਸਕੀਮ ਦਾ ਬੱਚਿਆਂ ਉੱਪਰ ਕੋਈ ਅਸਰ ਨਾਂ ਹੁੰਦਾ ਵੇਖ ਕੇ ਵਜ਼ੀਰ ਖਾਂ ਨੇ ਹੁਕਮ ਦਿੱਤਾ ਕਿ ਇਹਨਾਂ ਨੂੰ ਕੰਧ ਵਿੱਚ ਚਿਣ ਕੇ ਮਾਰ ਦਿੱਤਾ ਜਾਵੇ। ਇਹ ਵਜ਼ੀਰ ਖਾਂ ਆਖ਼ਰੀ ਦਾਅ ਪੇਚ ਸੀ ਬੱਚਿਆਂ ਨੂੰ ਡਰਾਉਣ ਦਾ। ਕੰਧ (ਮੌਤ) ਉਸਰਨ ਲੱਗੀ। ਪੈਰਾਂ ਤੋਂ ਸ਼ੁਰੂ ਹੋ ਕੇ ਮੌਤ ਗਿੱਟਿਆਂ ਗੋਡਿਆਂ ਤੱਕ ਹੁੰਦੀ ਹੋਈ ਛਾਤੀ ਤੱਕ ਪਹੁੰਚ ਗਈ,ਪਰ ਬੱਚੇ ਟੱਸ ਤੋਂ ਮੱਸ ਨਹੀਂ ਹੋਏ। ਅਚਾਨਕ ਕੰਧ ਡਿੱਗ ਪਈ, ਕਿ। ਬੱਚਿਆਂ ਦੇ ਕਾਫ਼ੀ ਸੱਟਾਂ ਲੱਗੀਆਂ। ਇਸੇ ਹਾਲਤ ਵਿੱਚ ਬੱਚਿਆਂ ਨੂੰ ਮਾਤਾ ਜੀ ਕੋਲ ਠੰਡੇ ਬੁਰਜ ਭੇਜ ਦਿੱਤਾ, ਤਾਂ ਕਿ ਉਹਨਾਂ ਦੀ ਹਾਲਤ ਵੇਖ ਕੇ ਮਾਤਾ ਜੀ ਪਸੀਜ ਜਾਣਗੇ ਤੇ ਵਜ਼ੀਰ ਖਾਂ ਦੀ ਈਨ ਮੰਨ ਜਾਣਗੇ ਤੇ ਇਸਲਾਮ ਕਬੂਲ ਕਰ ਲੈਣਗੇ, ਪਰ ਕਿੱਥੇ। ਸੂਬੇਦਾਰ ਵਜ਼ੀਰ ਖਾਂ ਦੀ ਜਿੱਤ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਵਿੱਚ ਨਹੀਂ, ਉਹਨਾਂ ਨੂੰ ਡਰਾ ਧਮਕਾ ਕੇ ਦੀਨ ਮਨਾਉਣ ਸੀ।

ਵਜ਼ੀਰ ਖਾਂ ਦਾ ਕੋਈ ਵੀ ਹਥਿਆਰ ਨਾਂ ਕੰਮ ਆਉਂਦਾ ਵੇਖ ਕੇ ਲੋਹਾ ਲਾਖਾ ਹੋ ਗਿਆ ਤੇ ਜਲਾਂਦਾਂ ਨੂੰ ਹੁਕਮ ਦਿੱਤਾ ਕਿ ਇਹਨਾਂ ਨੂੰ ਖ਼ੰਜਰ ਨਾਲ ਜ਼ਬ੍ਹਾ ਕੀਤਾ ਜਾਵੇ। ਸਾਰੇ ਜਲਾਂਦਾਂ ਨੇ ਸਿਰ ਗੋਡਿਆਂ ਵਿੱਚ ਲੈ ਲਏ, ਕੋਈ ਵੀ ਇਹਨਾ ਰੱਬੀ ਰੂਹਾਂ ਦੇ ਖ਼ੂਨ ਨਾਲ ਹੱਥ ਰੰਗਣੇ ਨਹੀਂ ਸੀ ਚਾਹੁੰਦਾ। ਆਖਰ ਵਜ਼ੀਰ ਖਾਂ ਦੀ ਜੇਲ ਵਿੱਚ ਦੋ ਸਕੇ ਭਰ, ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਉਮਰ ਕੈਦ ਕੱਟ ਰਹੇ ਸੀ। ਉਹਨਾਂ ਆਖਿਆ ਕਿ ਅਸੀਂ ਕਰ ਸਕਦੇ ਹਾਂ ਇਹ ਕੰਮ, ਜੇ ਸਾਡੀ ਕੈਦ ਮਾਫ ਕੀਤੀ ਜਾਵੇ। ਸੋ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਬੱਚਿਆਂ ਨੂੰ ਭੁੰਜੇ ਪਾ ਕੇ, ਸ਼ਾਤੀਆਂ ਉੱਪਰ ਗੋਡੇ ਰੱਖ ਕੇ ਖ਼ੰਜਰ ਨਾਲ ਸੀਨਾ ਚੀਰ ਕੇ ਹਲਾਲ ਕਰ ਦਿੱਤੇ, ਜਿਸ ਨੇ ਵੀ ਕਹਿਰ ਵਰਤਦਾ ਵੇਖਿਆ ਤੋਬਾ, ਤੋਬਾ ਕਰਨ ਲੱਗੇ।

ਬੇਮਿਸਾਲ ਸ਼ਹਾਦਤ ਤੋਂ ਬਾਅਦ, ਇੱਕ ਸ਼ਾਹੀ ਹੁਕਮ ਜਾਰੀ ਕੀਤਾ ਗਿਆ ਸੀ ਕਿ ਮੁਗਲ ਧਰਤੀ 'ਤੇ ਕੋਈ ਅੰਤਿਮ ਸੰਸਕਾਰ ਨਹੀਂ ਕੀਤਾ ਜਾ ਸਕਦਾ ਹੈ। ਟੋਡਰ ਮੱਲ ਨੇ ਵਜ਼ੀਰ ਖਾਨ ਨੂੰ ਸਾਹਿਬਜ਼ਾਦਿਆਂ ਦੀਆਂ ਲਾਸ਼ਾਂ ਅਤੇ ਉਨ੍ਹਾਂ ਦੇ ਸਸਕਾਰ ਲਈ ਉਸ ਜ਼ਮੀਨ ਦੇਣ ਲਈ ਕਿਹਾ ਜਿੱਥੇ ਉਹ ਸ਼ਹੀਦ ਹੋਏ ਸਨ। ਵਜ਼ੀਰ ਖਾਨ ਨੇ ਬੇਰਹਿਮੀ ਦਿਖਾਈ ਅਤੇ ਇਸ ਜ਼ਮੀਨ ਨੂੰ ਢੱਕਣ ਵਾਲੇ ਸੋਨੇ ਦੀਆਂ ਮੋਹਰਾਂ ਦੀ ਗੈਰ-ਵਾਜਬ ਮੰਗ ਕੀਤੀ। ਜਦੋਂ ਦੀਵਾਨ ਟੋਡਰ ਮੱਲ ਨੇ ਜ਼ਮੀਨ 'ਤੇ ਸੋਨੇ ਦੀਆਂ ਮੋਹਰਾਂ ਰੱਖ ਕੇ ਸੋਨੇ ਦੇ ਆਪਣੇ ਸਾਰੇ ਭੰਡਾਰ ਖਾਲੀ ਕਰ ਦਿੱਤੇ ਤਾਂ ਵਜ਼ੀਰ ਖਾਨ ਨੇ ਕਿਹਾ ਕਿ ਸੋਨੇ ਦੀਆਂ ਮੋਹਰਾਂ ਰੱਖਣ ਦੀ ਬਜਾਏ ਖੜ੍ਹੀਆਂ ਰੱਖਣੀਆਂ ਚਾਹੀਦੀਆਂ ਹਨ, ਤਾਂ ਜੋ ਵੱਧ ਤੋਂ ਵੱਧ ਮੋਹਰਾਂ ਬਰਾਮਦ ਕੀਤੀਆਂ ਜਾ ਸਕਣ।

ਖੈਰ ਦੀਵਾਨ ਟੋਡਰ ਮੱਲ ਨੇ ਆਪਣਾ ਸਾਰਾ ਕੁੱਝ ਵੇਚ ਦਿੱਤਾ ਅਤੇ ਚਾਰ ਗਜ਼ ਜ਼ਮੀਨ ਖਰੀਦਣ ਲਈ 78,000 ਸੋਨੇ ਦੀਆਂ ਮੋਹਰਾਂ ਵਜੀਰ ਖਾਂ ਨੂੰ ਦਿੱਤੀਆਂ ਤਾਂ ਜੋ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਬੜੇ ਸਤਿਕਾਰ ਨਾਲ ਕੀਤਾ ਜਾ ਸਕੇ। ਉਸ ਸਮੇਂ ਦੇ 25 ਕਰੋੜ ਰੁਪਏ ਬਣਦੇ ਸਨ ਜੀਹਦੇ ਨਾਲ ਚਾਰ ਗੱਜ ਜਮੀਨ ਖ਼ਰੀਦ ਕੇ ਸਭ ਤੋਂ ਮਹਿੰਗੀ ਜ਼ਮੀਨ ਹੋਣ ਦਾ ਰਿਕ-ਾਰਡ ਬਣਾਇਆ। 13 ਦਸੰਬਰ, 1705 ਨੂੰ ਧਨੀ ਹਿੰਦੂ ਵਪਾਰੀ ਟੋਡਰ ਮੱਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਅਤੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਦੀਆਂ ਤਿੰਨ ਸ਼ਹੀਦ ਦੇਹਾਂ ਦਾ ਸਸਕਾਰ ਕੀਤਾ।







## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਜ਼ੂਮ-ਮਾਧਿਅਮ ਰਾਹੀਂ ਨਾਟਕਕਾਰ ਸੰਜੀਵਨ ਸਿੰਘ ਨਾਲ ਕਹਾਣੀਕਾਰ ਸੰਤੋਖ ਸਿੰਘ ਧੀਰ ਬਾਰੇ ਕੀਤੀ ਗੱਲਬਾਤ

### ਮੁਹੰਮਦ ਰਫ਼ੀ ਸਾਹਿਬ ਦੇ 100'ਵੇਂ ਜਨਮ-ਦਿਨ ਨੂੰ ਸਮੱਰਪਿਤ ਕਵੀ-ਦਰਬਾਰ ਹੋਇਆ

ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 15 ਦਸੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਤੇ ਸਾਹਿਤ ਪ੍ਰੇਮੀਆਂ ਵੱਲੋਂ ਪ੍ਰਮੁੱਖ ਕਹਾਣੀਕਾਰ ਅਤੇ ਕਵੀ ਸੰਤੋਖ ਸਿੰਘ ਧੀਰ ਬਾਰੇ ਗੱਲਬਾਤ ਉਨ੍ਹਾਂ ਦੇ ਭਤੀਜੇ ਨਾਟਕਕਾਰ ਸੰਜੀਵਨ ਸਿੰਘ ਨਾਲ ਕੀਤੀ ਗਈ। ਭਾਰਤ ਵਿੱਚ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਇਸ ਸਮਾਗ਼ਮ ਦਾ ਸਮਾਂ ਸਵੇਰੇ 9.30 ਵਜੇ ਦਾ ਰੱਖਿਆ ਗਿਆ। ਭਾਰਤ ਵਿਚ ਉਸ ਸਮੇਂ ਰਾਤ ਦੇ ਅੱਠ ਵੱਜੇ ਸਨ।

ਸਮਾਗ਼ਮ ਦੇ ਆਰੰਭ ਵਿਚ ਸਭਾ ਦੇ ਸੀਨੀਅਰ ਮੈਂਬਰ ਮਲੂਕ ਸਿੰਘ ਕਾਹਲੋਂ ਵੱਲੋਂ ਪੰਜਾਬ ਤੋਂ ਜ਼ੂਮ-ਮਾਧਿਅਮ ਰਾਹੀਂ ਜੁੜੇ ਸਮਾਗ਼ਮ ਦੇ ਮੁੱਖ-ਬੁਲਾਰੇ ਸੰਜੀਵਨ ਸਿੰਘ ਅਤੇ ਹੋਰ ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ-ਆਇਆਂ' ਕਿਹਾ ਗਿਆ। ਉਸ ਤੋਂ ਬਾਅਦ ਪ੍ਰੋਗਰਾਮ ਦੇ ਸੰਚਾਲਕ ਤਲਵਿੰਦਰ ਸਿੰਘ ਮੰਡ ਵੱਲੋਂ ਸੰਜੀਵਨ ਸਿੰਘ ਨੂੰ ਕਹਾਣੀਕਾਰ ਸੰਤੋਖ ਸਿੰਘ ਧੀਰ ਹੁਰਾਂ ਦੇ ਜੀਵਨ ਤੇ ਸਾਹਿਤਕਾਰੀ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਧੀਰ ਸਾਹਿਬ ਦੇ ਜੀਵਨ ਬਾਰੇ ਵਿਸਥਾਰ ਵਿੱਚ ਜਾਂਦਿਆਂ ਉਨ੍ਹਾਂ ਦੀਆਂ ਪ੍ਰਮੁੱਖ ਕਹਾਣੀਆਂ ਦੀ ਗੱਲ ਕਰਦਿਆਂ ਹੋਇਆਂ ਉਨ੍ਹਾਂ ਉੱਪਰ ਆਧਾਰਿਤ ਆਪਣੇ ਨਾਟਕਾਂ ਦਾ ਵੀ ਬਾਖ਼ੂਬੀ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ ਧੀਰ ਸਾਹਿਬ ਬਹੁ-ਪੱਖੀ ਲੇਖਕ ਸਨ। ਉਨ੍ਹਾਂ ਦੀਆਂ 11 ਕਿਤਾਬਾਂ ਕਵਿਤਾਵਾਂ ਦੀਆਂ ਅਤੇ 9 ਕਿਤਾਬਾਂ ਕਹਾਣੀਆਂ ਦੀਆਂ ਛਪੀਆਂ ਹਨ। ਉਨ੍ਹਾਂ ਨੇ ਛੇ ਨਾਵਲ, ਸਵੈਜੀਵਨੀ ਅਤੇ ਸਫ਼ਰਨਾਮਾ 'ਮੇਰੀ ਇੰਗਲੈਂਡ ਯਾਤਰਾ' ਵੀ ਲਿਖੇ ਪਰ ਬਹੁਤੀ ਪ੍ਰਸਿੱਧੀ ਉਨ੍ਹਾਂ ਨੂੰ ਕਹਾਣੀ ਦੇ ਖ਼ੇਤਰ ਵਿੱਚ ਮਿਲੀ। 'ਕੋਈ ਇੱਕ ਸਵਾਰ', 'ਸਾਂਝੀ ਕੰਧ','ਸਵੇਰ ਹੋਣ ਤੱਕ' ਤੇ 'ਮੰਗੋ' ਉਨ੍ਹਾਂ ਦੀਆਂ ਪ੍ਰਮੁੱਖ ਕਹਾਣੀਆਂ ਹਨ ਜਿਨ੍ਹਾਂ ਨੂੰ ਆਧਾਰ ਬਣਾ ਕੇ ਸੰਜੀਵਨ ਵੱਲੋਂ ਨਾਟਕ ਲਿਖੇ ਗਏ ਅਤੇ ਖੇਡਣ ਦੇ ਨਵੇਂ ਤਜਰਬੇ ਕੀਤੇ ਗਏ। ਧੀਰ ਸਾਹਿਬ ਬਾਰੇ ਨਿੱਜੀ ਗੱਲਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੱਸਿਆ ਕਿ ਉਹ ਉਨ੍ਹਾਂ ਨੂੰ 'ਭਾਪਾ ਜੀ' ਕਿਹਾ ਕਰਦੇ ਸਨ ਅਤੇ ਆਪਣੇ ਬਾਪ ਨੂੰ ਉਹ 'ਚਾਚਾ ਜੀ' ਆਖ ਕੇ ਸੰਬੋਧਨ ਕਰਦੇ ਸਨ। ਉਨ੍ਹਾਂ ਕਿਹਾ ਕਿ ਧੀਰ ਸਾਹਿਬ ਕੇਵਲ ਸਾਈਕਲ ਦੀ ਸਵਾਰੀ ਹੀ ਕਰਦੇ ਸਨ ਤੇ ਸਕੂਟਰ ਦੇ ਪਿੱਛੇ ਬੈਠੇ ਹੋਏ ਵੀ ਡਰਦੇ ਹੁੰਦੇ ਸਨ। ਉਨ੍ਹਾਂ ਦੱਸਿਆ ਕਿ ਧੀਰ ਸਾਹਿਬ ਤੇ ਬਲਵੰਤ ਗਾਰਗੀ ਵਿਚਕਾਰ ਬੜੀ ਨੇੜਤਾ ਸੀ ਅਤੇ ਉਹ ਗੱਲੀਂ-ਬਾਤੀਂ ਇਕ ਦੂਸਰੇ ਦੀ 'ਲਾਹ-ਪਾਹ' ਵੀ ਕਰ ਲੈਂਦੇ ਸਨ।

ਸੰਤੋਖ ਸਿੰਘ ਧੀਰ ਹੁਰਾਂ ਬਾਰੇ ਜਾਣਕਾਰੀ ਵਿਚ ਵਾਧਾ ਕਰਦਿਆਂ



ਚੰਡੀਗੜ੍ਹ ਤੋਂ ਜੁੜੇ ਸ਼ਾਮ ਸਿੰਘ 'ਅੰਗਸੰਗ' ਨੇ ਦੱਸਿਆ ਉਨ੍ਹਾਂ ਦੇ ਪਿਤਾ ਜੀ ਸ. ਈਸ਼ਰ ਸਿੰਘ ਦਰਦ ਕਵੀ ਸਨ ਅਤੇ ਉਹ ਸ਼੍ਰੋਮਣੀ ਗੁਰਦ-ਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵਿਚ ਧਰਮ ਪ੍ਰਚਾਰਕ ਵਜੋਂ ਨੌਕਰੀ ਕਰਦੇ ਸਨ। ਸ਼ੁਰੂ-ਸ਼ੁਰੂ ਵਿੱਚ ਧੀਰ ਸਾਹਿਬ ਨੇ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਧਰਮ ਪ੍ਰਚਾਰਕ ਵਜੋਂ ਨੌਕਰੀ ਕੀਤੀ ਪਰ ਫਿਰ ਬਾਅਦ ਵਿਚ 'ਕੁਲ-ਵਕਤੀ ਲੇਖਕ ਅਤੇ ਕਾਮਰੇਡ' ਵਜੋਂ ਉਹ ਖੱਬੀ ਸੋਚ ਨਾਲ ਪ੍ਰਣਾਏ ਗਏ। ਉਹ ਕਮਿਊਨਿਸਟ ਪਾਰਟੀ ਦੇ ਜਲਸਿਆਂ ਵਿਚ ਅਕਸਰ ਲੋਕ-ਪੱਖੀ ਤਕਰੀਰਾਂ ਕਰਦੇ ਸਨ। ਉਨ੍ਹਾਂ ਨੇ ਪੂਰੀ ਉਮਰ ਕਲਮ ਵਾਹੀ ਅਤੇ ਇਸ ਦੇ ਸਿਰ 'ਤੇ ਹੀ ਆਪਣਾ ਤੇ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਕੀਤਾ। ਉਨ੍ਹਾਂ ਮੌਤ ਤੋਂ ਬਾਅਦ ਆਪਣਾ ਸਰੀਰ ਪੀ. ਜੀ. ਆਈ. ਚੰਡੀਗੜ੍ਹ ਨੂੰ ਦਾਨ ਕੀਤਾ ਹੋਇਆ ਸੀ ਅਤੇ ਪੀ. ਜੀ. ਆਈ. ਵੱਲ ਉਨ੍ਹਾਂ ਦੀ 'ਅੰਤਮ-ਯਾਤਰਾ' ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ, ਕਿਸਾਨ ਤੇ ਵਿਦਿਆਰਥੀ ਸ਼ਾਮਲ ਹੋਏ। ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ 1991 ਵਿਚ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਦਾ ਸਨਮਾਨ ਮਿਲਿਆ। 1996 ਵਿਚ ਉਨ੍ਹਾਂ ਦੀਆਂ ਕਹਾਣੀਆਂ ਦੀ ਪੁਸਤਕ 'ਪੱਖੀ' ਨੂੰ 'ਸਾਹਿਤ ਅਕੈਡਮੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਉਨ੍ਹਾਂ ਨੂੰ 'ਕਰਤਾਰ ਸਿੰਘ ਦੁੱਗਲ ਸਰਵ ਸ੍ਰੇਸ਼ਟ ਇਨਾਮ'2002 ਵਿੱਚ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਆਮ ਪ੍ਰਚੱਲਤ ਕਹਾਵਤ ਹੈ ਕਿ 'ਵੱਡੇ ਬੋਹੜ' ਦੀ ਛਾਂ ਹੇਠ ਕੋਈ ਹੋਰ ਰੁੱਖ ਨਹੀਂ ਉੱਗਦਾ ਪਰ ਧੀਰ ਸਾਹਿਬ ਦੇ ਛੋਟੇ ਭਰਾ ਰਿਪਦਮਨ ਸਿੰਘ ਰੂਪ, ਉਨ੍ਹਾਂ ਦੇ ਬੇਟੇ ਸੰਜੀਵਨ ਤੇ ਰੰਜੀਵਨ ਅਤੇ ਸੰਜੀਵਨ ਦੀ ਬੇਟੀ ਰਿਤੂਰਾਗ'ਤਿੰਨ ਪੀੜ੍ਹੀਆਂ' ਲੇਖਕ ਹਨ। ਸ਼ਾਮ ਸਿੰਘ ਵੱਲੋਂ ਧੀਰ ਸਾਹਿਬ ਦੀਆਂ ਚਿੱਠੀਆਂ ਨੂੰ ਸੰਪਾਦਿਤ ਕਰਕੇ ਪੁਸਤਕ 'ਜਿਵੇ ਰਾਮ ਨੂੰ ਲਛਮਣ ਸੀ' ਵੀ ਤਿਆਰ ਕੀਤੀ ਗਈ। ਇਸ ਮੌਕੇ ਡਾ. ਕੰਵਲਜੀਤ ਸਿੰਘ ਕੋਰਪਾਲ ਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਕੀਤੇ ਗਏਸੁਆਲਾਂ ਦੇ ਜੁਆਬ ਸੰਜੀਵਨ ਸਿੰਘ ਵੱਲੋਂ ਤਸੱਲੀਪੂਰਵਕ ਦਿੱਤੇ ਗਏ। ਤਲਵਿੰਦਰ ਸਿੰਘ ਮੰਡ, ਮਲੂਕ ਸਿੰਘ ਕਾਹਲੋਂ ਤੇ ਸੁਰਿੰਦਰਜੀਤ ਕੌਰ ਵੱਲੋਂ ਵੀ ਧੀਰ ਸਾਹਿਬ ਦੇ ਜੀਵਨ ਨਾਲ ਸਬੰਧਿਤ ਯਾਦਾਂ ਤਾਜ਼ੀਆਂ ਕੀਤੀਆਂ ਗਈਆਂ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ-ਦਰਬਾਰ ਹੋਇਆ ਜਿਸ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਇਹ ਸਮਾਗ਼ਮ ਮੁਹੰਮਦ ਰਫ਼ੀ ਜੀ ਦੀ ਜਨਮ-ਸ਼ਤਾਬਦੀ ਨੂੰ ਸਮੱਰਪਿਤ ਸੀ। ਕਵੀ-ਦਰਬਾਰ ਦਾ ਆਰੰਭ ਇਕਬਾਲ ਬਰਾੜ ਵੱਲੋਂ ਰਫ਼ੀ ਦੇ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਵਿੱਚ ਗਾਏ ਗਏ ਸ਼ਬਦ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਨਾਲ ਕੀਤਾ ਗਿਆ। ਔਟਵਾ ਤੋਂ ਜੁੜੇ ਲਖਬੀਰ ਸਿੰਘ ਕਾਹਲੋਂ ਨੇ ਮੁਹੰਮਦ ਰਫ਼ੀ ਦੇ ਗਾਏ ਹੋਏ ਦੋ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ' ਅਤੇ 'ਸੌ ਬਾਰ ਜਨਮ ਲੇਂਗੇ' ਸੁਣਾਏ। ਉਪਰੰਤ, ਗੁਰਦੀਪ ਕੌਰ ਜੰਡੂ, ਸ਼ਾਮ ਸਿੰਘ ਅੰਗਸੰਗ, ਰਾਜ ਕੁਮਾਰ ਉਸ਼ੋਰਾਜ, ਦੀਪ ਕੁਲਦੀਪ, ਸੁਰਿੰਦਰ ਕੌਰ ਗਿੱਲ, ਸੁਖਚਰਨਜੀਤ ਗਿੱਲ, ਹਰਕੰਵਲ ਕੋਰਪਾਲ, ਮਲੂਕ ਸਿੰਘ ਕਾਹਲੋਂ, ਸਤਪਾਲ ਸਿੰਘ ਕੋਮਲ, ਜਗਮੋਹਨ ਸੰਘਾ, ਤਲਵਿੰਦਰ ਮੰਡ, ਸੁਖਦੇਵ ਝੰਡ, ਰਮਿੰਦਰ ਰੰਮੀ ਤੇ ਜੱਸੀ ਭੁੱਲਰ ਵੱਲੋਂ ਆਪੋ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।

ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਬੜੇ ਭਾਵਪੂਰਤ ਸ਼ਬਦਾਂ ਵਿਚ ਸਮਾਗ਼ਮ ਦੀ ਕਾਰਵਾਈ ਨੂੰ ਸਮੇਟਿਆ ਗਿਆ। ਉਨ੍ਹਾਂ ਕਿਹਾ ਕਿ ਸੰਜੀਵਨ ਸਿੰਘ ਤੇ ਹੋਰ ਬੁਲਾਰਿਆਂ ਵੱਲੋਂ ਸ਼ਾਮ ਸਿੰਘ ਅੰਗਸੰਗ ਤੇ ਹੋਰਨਾਂ ਵੱਲੋਂ ਸੰਤੋਖ ਸਿੰਘ ਧੀਰ ਹੁਰਾਂ ਬਾਰੇ ਬੜੀਆਂ ਵਧੀਆ ਜਾਣਕਾਰੀ ਭਰਪੂਰ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਵੱਲੋਂ ਸਮਾਗ਼ਮ ਵਿਚ ਸ਼ਾਮਲ ਹੋਏ ਸਮੂਹ-ਸਾਹਿਤ ਪ੍ਰੇਮੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਸਮਾਗ਼ਮ ਵਿਚ ਗੁਰਚਰਨ ਸਿੰਘ, ਸਿਕੰਦਰ ਸਿੰਘ ਗਿੱਲ,ਹਰਦਿਆਲ ਸਿੰਘ ਝੀਤਾ, ਪਰਮਜੀਤ ਦਿਉਲ ਨੇ ਵੀ ਹਾਜ਼ਰੀ ਭਰੀ। ਸਮਾਗ਼ਮ ਨੂੰ ਜ਼ੂਮ-ਮਾਧਿਅਮ ਨਾਲ ਜੋੜਨ ਅਤੇ ਇਸ ਨੂੰ ਰਿਕਾਰਡ ਕਰਨ ਦੀ ਕਾਰਵਾਈ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਬਾਖ਼ੂਬੀ ਨਿਭਾਈ ਗਈ।

# ‘ਕੂਕ ਫ਼ਕੀਰਾ ਕੂਕ ਤੂੰ’ ’ਚ ਸੁਣਾਈ ਦਿੰਦੀ ਏ ਮਲੂਕ ਕਾਹਲੋਂ ਦੀ ਹੂਕ ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ : 647-567-9128

ਮਲੂਕ ਸਿੰਘ ਕਾਹਲੋਂ ਇੱਕ ਸੰਵੇਦਨਸ਼ੀਲ ਵਿਅੱਕਤੀ ਹੈ ਅਤੇ ਲਿਖਣ ਸਮੇਂ ਉਹ ਆਪਣੇ ਨਾਂ ਨਾਲੋਂ ਜੱਟਵਾਦ ਨਾਲ ਜੁੜਿਆ ਉਪਨਾਮ ‘ਕਾਹਲੋਂ’ ਲਾਹ ਕੇ ਮਲੂਕ ਸਿੰਘ ਬਣ ਕੇ ‘ਮਲੂਕ’ ਜਿਹੀ ਕਵਿਤਾ ਲਿਖਣ ਦੀ ਕੋਸ਼ਿਸ਼ ਕਰਦਾ ਹੈ। ਪਰ ਉਸ ਦੀ ਕਵਿਤਾ ਮਲੂਕ ਨਹੀ ਰਹਿੰਦੀ। ਇਹ ਲੋਕਾਂ ਨੂੰ ਵੰਗਾਰਦੀ ਹੈ ਅਤੇ ਆਪਣੇ ਹੱਕਾਂ ਲਈ ਸੰਘਰਸ਼ ਦੇ ਰਾਹ ‘ਤੇ ਤੁਰਨ ਦਾ ਹੋਕਾ ਦਿੰਦੀ ਹੈ। ਮਲੂਕ ਸਿੰਘ ਦੇ ਮਨ ‘ਚ ‘ਸਾਫ਼ ਸੁਥਰਾ ਸਮਾਜ’ ਸਿਰਜਣ ਦਾ ਸੁਪਨਾ ਹੈ ਜਿਸ ਨੂੰ ਉਹ ਸੱਚ ਹੋਣਾ ਲੋਚਦਾ ਹੈ। ਇਸ ਦੇ ਲਈ ਉਹ ਹੱਕ-ਸੱਚ ਦਾ ਹੋਕਾ ਲਗਾਤਾਰ ਲਾਈ ਜਾ ਰਿਹਾ ਹੈ।

ਉਹ ਕਹਿੰਦਾ ਹੈ :

ਹੱਕ ਸੱਚ ਦਾ ਹੋਕਾ ਲਾਈ ਜਾ
ਸੰਘਰਸ਼ਾਂ ਦੇ ਬਿਗਲ ਵਜਾਈ ਜਾ

ਮਨੁੱਖੀ ਜੀਵਨ ਬਾਰੇ ਉਹ ਪ੍ਰਚੱਲਤ ਫ਼ਿਲਾਸਫ਼ੀ “ਜੀਵਨ ਦਾ ਕੀ ਭਰਵਾਸਾ, ਇਹ ਪਾਣੀ ਵਿੱਚ ਪਤਾਸਾ” ਵਿਚ ਵਿਸ਼ਵਾਸ ਨਹੀਂ ਰੱਖਦਾ, ਸਗੋਂ ਉਸ ਨੂੰ ਲੋਕਾਂ ਦੇ ਏਕੇ ‘ਚ ਭਰੋਸਾ ਹੈ ਤੇ ਉਹ ਕਹਿੰਦਾ ਹੈ:

ਜ਼ਿੰਦਗੀ ਦਾ ਇਹ ਪ੍ਰਵਾਸਾ ਏ
ਨਹੀਂ ਪਾਣੀ ਵਿੱਚ ਪਤਾਸਾ ਏ।
ਚੰਗੀ ਤਰ੍ਹਾਂ ਸਮਝ ਫਿਰ ਸਮਝਾਈਂ ਤੂੰ,
ਗੱਲ ਘੱਟ-ਕੌਡੀਂ ਨਾ ਪਾਈਂ ਤੂੰ,
ਹਰ ਧਿਰ ਦਾ ਆਪਣਾ ਖਾਸਾ ਏ,
ਜ਼ਿੰਦਗੀ ਦਾ ਇਹ ਪ੍ਰਵਾਸਾ ਏ।
(ਪੰਨਾ-35)

‘ਕੂਕ ਫ਼ਕੀਰਾ ਕੂਕ ਤੂੰ’ ਮਲੂਕ ਸਿੰਘ ਕਾਹਲੋਂ ਦੀ 106 ਪੰਨਿਆਂ ਦੀ ਤੀਸਰੀ ਕਾਵਿ-ਪੁਸਤਕ ਹੈ ਜਿਸ ਵਿੱਚ ਉਸਨੇ ਆਪਣੀਆਂ 53 ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਇਸ ਤੋਂ ਪਹਿਲਾਂ ਉਸਦੇ ਵੱਲੋਂ ਆਪਣੀਆਂ ਦੋ ਪੁਸਤਕਾਂ ‘ਲੋਕ ਵੇਦਨਾ’ (2010) ਅਤੇ ‘ਵਿਰਸੇ ਦੇ ਵਾਰਸ’ (2014) ਪੰਜਾਬੀ ਪਾਠਕਾਂ ਦੇ ਰੂ-ਬ-ਰੂ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਵਿਚ ਲੋਕਾਂ ਦੇ ਦੁੱਖ-ਦਰਦ ਦੀ ਵੇਦਨਾ ਨੂੰ ਸਮਝਣ ਅਤੇ ਪੰਜਾਬ ਦੇ ਅਮੀਰ ਵਿਰਸੇ ਨੂੰ ਯਾਦ ਰੱਖਣ ਤੇ ਇਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਤੋਰਨ ਦੀ ਗੱਲ ਕੀਤੀ ਗਈ।

ਮਲੂਕ ਸਿੰਘ ਕਾਹਲੋਂ ਦੀ ਸਮਝ ਅਨੁਸਾਰ “ਸੱਭ ਪਾਸੇ ਸਿਸਟਮ ਚੰਦ ਬੰਦਿਆਂ ਦੇ ‘ਪ੍ਰਬੰਧ’ ਵਿੱਚ ਹੈ ਅਤੇ ਇਹ ਸੀਮਤ ਲੋਕਾਂ ਵਾਸਤੇ ਹੀ ਕੰਮ ਕਰਦਾ ਹੈ। ਸਰਕਾਰਾਂ ਸਮੇਂ-ਸਮੇਂ ਬਦਲਦੀਆਂ ਰਹਿੰਦੀਆਂ ਹਨ ਪਰ ਜਦ ਤੱਕ ਲੋਕ-ਮਾਰੂ ਪ੍ਰਬੰਧ ਨਹੀਂ ਬਦਲਦਾ, ਤਦ ਤੱਕ ਕੁਝ ਵੀ ਲੋਕਾਈ ਲਈ ਬਿਹਤਰ ਹੋਣ ਵਾਲਾ ਨਹੀਂ।”(ਪੰਨਾ-27) ਪਰ ਇਸਦੇ ਨਾਲ ਹੀ ਉਸਦਾ ਦ੍ਰਿੜ੍ਹ ਵਿਸ਼ਵਾਸ ਵੀ ਹੈ ਕਿ ਤਬਦੀਲੀ ਕੁਦਰਤ ਦਾ ਨਿਯਮ ਹੈ। ਮਨੁੱਖ ਆਦਿ ਕਾਲ ਤੋਂ ਬੁਰਾਈ, ਨਾ-ਬਰਾਬਰੀ ਅਤੇ ਜ਼ੁਲਮ ਦੇ ਵਿਰੁੱਧ ਜੂਝਦਾ ਆ ਰਿਹਾ ਹੈ, ਹੁਣ ਵੀ ਜੂਝ ਰਿਹਾ ਹੈ ਅਤੇ ਇਹ ਅੱਗੋਂ ਵੀ ਜੂਝਦਾ ਰਹੇਗਾ। ਮਨੁੱਖ ਦਾ ਇਹ ਸੰਘਰਸ਼ ਲਗਾਤਾਰ ਚੱਲ ਰਿਹਾ ਹੈ ਅਤੇ ਇਹ ਉਦੋਂ ਤੱਕ ਜਾਰੀ ਰਹੇਗਾ ਜਦ ਤੱਕ ਇਹ ਸੰਸਾਰ ਲੋਕਾਂ ਦੇ ‘ਸੁਪਨਿਆਂ ਦਾ ਸੰਸਾਰ’ ਨਹੀਂ ਬਣ ਜਾਂਦਾ।

ਬੇਇਨਸਾਫ਼ੀ ਦੇ ਵਿਰੁੱਧ ਲੜਨ ਦਾ ਹੋਕਾ ਦਿੰਦਾ ਹੋਇਆ ਮਲੂਕ ਸਿੰਘ ਰੋਹ ਵਿੱਚ ਆ ਕੇ ਸਮੇਂ ਦੀ ਸਰਕਾਰ ਨੂੰ ਵੰਗਾਰਦਾ ਹੈ:

ਸੁਣ ਸਮੇਂ ਦੀਏ ਸਰਕਾਰੇ ਨੀ,
ਸਾਡਾ ਰੋਹ ਤੈਨੂੰ ਲਲਕਾਰੇ ਨੀ!

ਕਿਰਤੀ ਕਾਮੇ ਕਿਰਤ ਨੇ ਕਰਦੇ,
ਤਾਂ ਵੀ ਉਹ ਕਿਉਂ ਭੁੱਖੇ ਮਰਦੇ?

ਚੰਦ ਵਿਹਲੜ ਲੈਣ ਨਜ਼ਾਰੇ ਨੀ,
ਸੁਣ ਸਮੇਂ ਦੀਏ ਸਰਕਾਰੇ ਨੀ!
(ਪੰਨਾ-32)

2020-21 ਦੌਰਾਨ ਦਿੱਲੀ ਦੀਆਂ ਬਰੂਹਾਂ ‘ਤੇ ਸਾਲ ਤੋਂ ਵਧੇਰੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਨੂੰ ਸਮਰਪਿਤ ਕਵਿਤਾ ‘ਕਿਸਾਨਾਂ ਦੀ ਪੁਕਾਰ’ ਵਿਚ ਉਹ ਭਾਰਤ ਸਰਕਾਰ ਦੇ ਹੰਕਾਰੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁਖ਼ਾਤਿਬ ਹੁੰਦਿਆਂ ਕਹਿੰਦਾ ਹੈ:

ਗੱਲ ਸੁਣ ਲੈ, ਤੂੰ ਐ ਮੋਦੀ,
ਛੱਡ ਦੇ ਕੁਫ਼ਰ ਦੀ ਇਹ ਗੋਦੀ,
ਕਿਲ੍ਹਾ ਹੰਕਾਰ ਤੇਰੇ ਦਾ ਢਾਹ ਦੇਣਗੇ,
ਫਿਰ ਚਾਹ ਵੇਚਣ ‘ਤੇ ਲਾ ਕੇ,
ਤੈਨੂੰ ਨਾਨੀ ਯਾਦ ਕਰਾ ਦੇਣਗੇ। (ਪੰਨਾ-37)

ਉਸਦੇ ਮੁਤਾਬਿਕ ਲੋਕ ਸੰਘਰਸ਼ਾਂ ਵਿੱਚ ਕੁੱਦਣ ਵਾਲਿਆਂ ਦੇ ‘ਪੱਕੇ ਇਰਾਦਿਆਂ’ ਨੂੰ ਕਿਸੇ ਕਿਸਮ ਦੀ ਕੋਈ ਵੀ ਕਮੀ ਪੇਸ਼ ਨਹੀਂ ਆਉਂਦੀ ਅਤੇ ਉਹ ਜਦੋਂ ਕੁੱਝ ਕਰਨ ਦੀ ਠਾਣ ਲੈਂਦੇ ਹਨ ਤਾਂ ਫਿਰ ਪਰਬਤਾਂ ਨੂੰ ਵੀ ਫ਼ਤਿਹ ਕਰ ਲੈਂਦੇ ਹਨ ਅਤੇ ਮੰਜ਼ਲ ਉਨ੍ਹਾਂ ਦੇ ਪੈਰ ਆ ਚੁੰਮਦੀ ਹੈ। ਜਦੋਂ ਇਹ ਇਰਾਦੇ ਪਰਪੱਕ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਕੋਈ ਘਾਟ ਮਹਿਸੂਸ ਨਹੀਂ ਹੁੰਦੀ।

ਕਵੀ ਮਲੂਕ ਸਿੰਘ ਕਹਿੰਦਾ ਹੈ:

ਪੱਕੇ ਇਰਾਦਿਆਂ ਨੂੰ ਕਾਹਦੀ ਘਾਟ ਆ,
ਜਿਹੜਾ ਲਵੇ ਠਾਣ ਬਣ ਜਾਂਦੀ ਠਾਠ ਆ,
ਫਿਰ ਪਰਬਤਾਂ ਨੂੰ ਕਰ ਲੈਣ ਸਰ ਉਹ,
ਪੈਰਾਂ ਹੇਠ ਮੰਜ਼ਲ ਤੇ ਪੋਟਿਆਂ ‘ਤੇ ਵਾਟ ਆ,
ਪੱਕੇ ਇਰਾਦੇ ਹੋਏ, ਹੁਣ ਕਾਹਦੀ ਘਾਟ ਆ? (ਪੰਨਾ-34)

ਅਜਿਹੇ ਪੱਕੇ ਇਰਾਦਿਆਂ ਵਾਲੇ ਸਿਰੜੀ ਬੰਦਿਆਂ ਦਾ ਖ਼ਾਸਾ ਬਿਆਨ ਕਰਦਿਆਂ ਉਹ ਕਹਿੰਦਾ ਹੈ:

ਜੋ ਰੱਖੇ ਇਰਾਦਾ ਪੱਕੇ ਮਨ ਦਾ,
ਉਹ ਮੰਜ਼ਲ ਤੱਕ ਕਿਤੇ ਖੜਦਾ ਨਹੀਂ,
ਮੱਥੇ ਜਿਸ ਦੇ ਬਲ਼ਦੀ ਲੋਅ ਹੋਵੇ,
ਕਦੇ ਝੱਖੜ ਹਨੇਰੀ ਤੋਂ ਡਰਦਾ ਨਹੀਂ।
ਸੀਨੇ ਦਰਦ ਰੱਖੇ ਜੋ ਲੋਕਾਂ ਲਈ,
ਮਾਰਿਆਂ ਕਿਸੇ ਦੇ ਉਹ ਮਰਦਾ ਨਹੀਂ।
ਹੁਕਮਰਾਨ ਭਰਮ-ਭੁਲੇਖੇ ਰੱਖਦੇ ਨੇ,
ਕਵੀ ‘ਮਲੂਕ’ ਕਦੇ ਵੀ ਡਰਦਾ ਨਹੀਂ। (ਪੰਨਾ-43)

ਰੋਹ ਨਾਲ ਭਰਪੂਰ ਜੁਝਾਰੂ ਕਵਿਤਾਵਾਂ ਦੇ ਨਾਲ ਨਾਲ ਇਸ ਪੁਸਤਕ ਵਿਚ ਮਲੂਕ ਸਿੰਘ ਨੇ ਕਈ ਹੋਰ ਵਿਸ਼ਿਆਂ ਉੱਪਰ ਲਿਖੀਆਂ ਕਵਿਤਾਵਾਂ ਵੀ ਸ਼ਾਮਲ ਕੀਤੀਆਂ ਹਨ। ‘ਮਾਂ-ਦਿਵਸ ‘ਤੇ’ ਕਵਿਤਾ ਵਿੱਚ ਉਹ ਆਪਣੀ ਮਾਂ ਨੂੰ ਯਾਦ ਕਰਦਾ ਹੈ। ‘ਯਾਦ ਪਿੰਡ ਵਾਲੀ’ ਵਿਚ ਆਪਣੇ ਪਿੰਡ ਦੀਆਂ ਗਲ਼ੀਆਂ ਵਿੱਚ ਘੁੰਮਦਾ ਹੈ ਅਤੇ ਪਿੰਡ ਦੇ ਬੋਹੜਾਂ-ਪਿੱਪਲਾਂ ਤੇ ਯਾਰਾਂ-ਬੇਲੀਆਂ ਨੂੰ ਯਾਦ ਕਰਦਾ ਹੈ। ਉਹ ਪੰਜਾਬ ਵਿਚ ਵੱਧ ਰਹੇ ਨਸ਼ਿਆਂ ਦੇ ਪ੍ਰਕੋਪ ਤੋਂ ਦੁਖੀ ਹੁੰਦਾ ਹੈ ਅਤੇ ਸਾਲੋ-ਸਾਲ ਡੂੰਘੇ ਤੇ ਜ਼ਹਿਰੀਲੇ ਹੁੰਦੇ ਜਾ ਰਹੇ ਪਾਣੀ ਦੀ ਚਿੰਤਾ ਵੀ ਉਸ ਨੂੰ ਅੰਦਰੋਂ ਅੰਦਰ ਖਾਂਦੀ ਹੈ। ਇਸ ਦੇ ਨਾਲ ਹੀ ‘ਵਿਸਾਖੀ ਦੇ ਦਿਨ’, ‘ਗੁਰੂ ਗੋਬਿੰਦ ਨੂੰ ਯਾਦ ਕਰਦਿਆਂ’, ‘ਬਾਬੇ ਦੇ ਨਾਂ’ ਤੇ ‘ਸਿੱਖ’ ਵਰਗੀਆਂ ਕਈ ਕਵਿਤਾਵਾਂ ਵਿੱਚ ਧਾਰਮਿਕ ਰੰਗ ਵੀ ਉੱਭਰਦਾ ਵਿਖਾਈ ਦਿੰਦਾ ਹੈ।

ਮਲੂਕ ਸਿੰਘ ਦੀਆਂ ਕੁਝ ਕਵਿਤਾਵਾਂ ਉੱਪਰ ਮੈਨੂੰ ਕਈ ਥਾਈਂ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਦੇ ਅਸਰ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ। ਵੱਡੇ ਲੇਖਕਾਂ ਦੀਆਂ




ਮਹਾਨ ਰਚਨਾਵਾਂ ਤੋਂ ਆਮ ਮਨੁੱਖ ਦਾ ਅਸਰ-ਅੰਦਾਜ਼ ਹੋਣਾ ਸੁਭਾਵਿਕ ਹੈ ਪਰ ਕਦੇ ਕਦੇ ਉਸ ਦੀਆਂ ਕਵਿਤਾਵਾਂ ਦੀ ਸ਼ਬਦਾਵਲੀ ਦਾ ਵਧੇਰਾ ‘ਸੁਮੇਲ’ ਅਖੜਦਾ ਵੀ ਹੈ, ਮਸਲਿਨ, ਉਸ ਦੀ ‘ਸ਼ਬਦਾਂ ਦੇ ਰੂ-ਬ-ਰੂ’ ਕਵਿਤਾ ਦੀਆਂ ਮੁੱਢਲੀਆਂ ਸਤਰਾਂ ਹਨ:

ਸਾਡੀ ਤੁਹਾਡੀ ਮੁਲਾਕਾਤ ਹੋਈ,
ਜਦ ਸ਼ਬਦਾਂ ਦੀ ਬਰਸਾਤ ਹੋਈ। (ਪੰਨਾ-54)

ਜੋ ਕਿ ਪਾਤਰ ਦੀ ਇੱਕ ਗ਼ਜ਼ਲ ਦੇ ਮੁੱਖੜੇ ਨਾਲ ਕਾਫ਼ੀ ਮੇਲ਼ ਖਾਂਦੀਆਂ ਹਨ:

ਅਸਾਡੀ ਤੁਹਾਡੀ ਮੁਲਾਕਾਤ ਹੋਈ,
ਬਲ਼ਦੇ ਜੰਗਲ ‘ਚ ਜਿਉਂ ਬਰਸਾਤ ਹੋਈ।

ਏਸੇ ਤਰ੍ਹਾਂ, ਮਲੂਕ ਸਿੰਘ ਦੀ ਕਵਿਤਾ ‘ਸ਼ਬਦ ਮੇਰੇ’ ਦੀਆਂ ਪਹਿਲੀਆਂ ਸਤਰਾਂ ਹਨ:

ਜੇ ਮੈਂ ਕੁਝ ਨਾ ਕਿਹਾ,
ਜੇ ਮੈਂ ਚੁੱਪ ਹੀ ਰਿਹਾ,
ਸ਼ਬਦ ਮੇਰੇ ਗੁੰਮਨਾਮ ਰਹਿਣਗੇ। (ਪੰਨਾ-46)

ਜੋ ਪਾਤਰ ਦੀ ਸੱਤਰਵਿਆਂ ਦੇ ਆਰੰਭ ‘ਚ ਲਿਖੀ ਗਈ ਸਦਾ-ਬਹਾਰ ਗ਼ਜ਼ਲ “ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ” ਦੇ ਦੂਸਰੇ ਬੰਦ ਦੀ ਯਾਦ ਦਿਵਾਉਂਦੀਆਂ ਹਨ:

ਯਾਰ ਮੇਰੇ ਜੋ ਇਸ ਆਸ ‘ਤੇ ਮਰ ਗਏ ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾ ਗੀਤ,
ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ, ਰੂਹਾਂ ਬਣ ਕੇ ਸਦਾ ਤੜਪਦੇ ਰਹਿਣਗੇ।

ਮਲੂਕ ਸਿੰਘ ਦੀ ਕਵਿਤਾ ਮੁੱਖ ਤੌਰ ‘ਤੇ ਛੰਦ-ਬੱਧ ਕਵਿਤਾ ਹੈ ਪਰ ਆਪਣੇ ਖ਼ਿਆਲਾਂ ਦਾ ਇਜ਼ਹਾਰ ਕਰਦਿਆਂ ਕਦੇ ਕਦੇ ਉਹ ਇਸ ਤੋਂ ‘ਬਾਹਰਾ’ ਵੀ ਹੋ ਜਾਂਦਾ ਹੈ ਅਤੇ ਕਵਿਤਾ ਦੀ ਬੰਦਿਸ਼ ਦੇ ਨਿਯਮਾਂ ਦੀ ਪ੍ਰਵਾਹ ਨਹੀਂ ਕਰਦਾ ਅਤੇ ਇਹ ਗੱਲ ਉਸ ਦੀ ਕਾਵਿ-ਲੇਖਣੀ ਦੇ ਵਿਰੋਧ ‘ਚ ਭੁਗਤਦੀ ਹੈ। ਇੱਥੇ ਉਸ ਦੀਆਂ ਇੱਕ-ਦੋ ਵੰਨਗੀਆਂ ਦੇਣਾ ਜ਼ਰੂਰੀ ਸਮਝਦਾ ਹਾਂ।

‘ਸੰਘਰਸ਼ ਹੀ ਜ਼ਿੰਦਗੀ ਹੈ’ ਨਾਮੀ ਕਵਿਤਾ ਦਾ ਪਹਿਲਾ ਬੰਦ ਚਾਰ ਸਤਰਾਂ ਦਾ ਹੈ ਅਤੇ ਇਸ ਦੀ ਪਹਿਲੀ ਸਤਰ ਹੈ:

ਐ ਮਨ ਤੂੰ ਨਿਰਾਸ਼ ਨਾ ਹੋ।

... ਤੇ ਇਸ ਤੋਂ ਅਗਲੀਆਂ ਤਿੰਨ ਸਤਰਾਂ ਹਨ:

ਹਰ ਪਲ ਹਰ ਘੜੀ,
ਬਦਲ ਰਹੀ ਹੈ,
ਤੂੰ ਨਿਰਾਸ਼ ਨਾ ਹੋ।

ਅੱਗੇ ਇਸ ਦੇ ਪੰਜ ਬੰਦ ਤਿੰਨ-ਤਿੰਨ ਸਤਰਾਂ ਦੇ ਏਸੇ ਲੈਅ ਅਨੁਸਾਰ ਚੱਲਦੇ ਹਨ, ਜਿਵੇਂ :

ਹਰ ਮੌਸਮ, ਹਰ ਰੁੱਤ
ਬਦਲ ਰਹੀ ਹੈ,
ਤੂੰ ਨਿਰਾਸ਼ ਨਾ ਹੋ।

ਛੇਵਾਂ ਬੰਦ ਫਿਰ ਚਾਰ ਸਤਰਾਂ ਦਾ ਹੋ ਜਾਂਦਾ ਹੈ:

ਕੱਲ੍ਹ ਸਾਡੇ ਪੁਰਖ਼ੇ ਲੜੇ ਸੀ
ਅੱਜ ਅਸੀਂ ਤੇ ਕੱਲ੍ਹ ਨੂੰ
ਸਾਡੇ ਵਾਰਸ ਲੜਨਗੇ,
ਤੂੰ ਨਿਰਾਸ਼ ਨਾ ਹੋ।

ਅੱਗੋਂ ਫਿਰ ਇਹ ਬੰਦ ਤਿੰਨ ਸਤਰਾਂ ਦੇ ਸ਼ੁਰੂ ਹੋ ਜਾਂਦੇ ਹਨ ਅਤੇ ਆਖ਼ਰੀ ਤਿੰਨ ਸਤਰਾਂ ਵਾਲੇ ਬੰਦ ਦੀਆਂ ਪਹਿਲੀਆਂ ਦੋ ਸਤਰਾਂ ਦੇ ਸ਼ਬਦਾਂ ਦੀ ਗਿਣਤੀ ਲੱਗਭੱਗ ਦੁੱਗਣੀ ਹੋ ਜਾਂਦੀ ਹੈ:

ਪੱਤਰ ਪੱਤਝੜ ਨੇ ਭਾਵੇਂ ਸਾਰੇ ਹੀ ਝਾੜੇ,
ਦ੍ਰਖ਼ਤਾਂ ਨੂੰ ਆਸ ਏ ਪੱਤਰਾਂ ਨਵਿਆਂ ਦੀ,
ਤੂੰ ਨਿਰਾਸ਼ ਨਾ ਹੋ।
(ਪੰਨਾ: 48-49)

ਮੈਂ ਕੋਈ ਆਲੋਚਕ ਨਹੀਂ ਹਾਂ ਅਤੇ ਨਾ ਹੀ ਮੈਂ ਕੋਈ ‘ਪੂਰਬੀ’ ਜਾਂ ‘ਪੱਛਮੀ’ ਆਲੋਚਲਾ ਪੜ੍ਹੀ ਹੈ। ਵਿਗਿਆਨ ਦਾ ਵਿਦਿਆਰਥੀ ਰਿਹਾ ਹੋਣ ਕਰਕੇ ਪੰਜਾਬੀ ਸਾਹਿੱਤ ਬਾਰੇ ਗਿਆਨ ਵੀ ਮੇਰਾ ਸੀਮਤ ਹੀ ਹੈ। ਪਰ ਕਵਿਤਾ ਦੀ ਮਾੜੀ ਮੋਟੀ ਸਮਝ ਜ਼ਰੂਰ ਹੈ। ‘ਖੁੱਲ੍ਹੀ ਕਵਿਤਾ’ ਲਿਖਣ ਸਮੇਂ ਤਾਂ ਕਵੀ ਤਰ੍ਹਾਂ ਦੀਆਂ ਖੁੱਲ੍ਹਾਂ ਲੈ ਲੈਂਦੇ ਹਨ, ਕਿਉਂਕਿ ਉਹ ਵਿਚਾਰ ਪ੍ਰਧਾਨ ਹੁੰਦੀ ਹੈ ਤੇ ਉਸ ਵਿੱਚ ਸਤਰਾਂ ਜਾਂ ਮਾਤਰਾਵਾਂ ਦੀ ਗਿਣਤੀ ਮਿਣਤੀ ਦੀ ਕੋਈ ਬੰਦਿਸ਼ ਨਹੀਂ ਹੈ। ਪਰ ਛੰਦ-ਬੱਧ ਕਵਿਤਾ ਵਿਚ ਇਸ ਗੱਲ ਦਾ ਖ਼ਿਆਲ ਰੱਖਣਾ ਹੀ ਪੈਂਦਾ ਹੈ। ਮੇਰਾ ਖ਼ਿਆਲ ਹੈ ਕਿ ਕਵਿਤਾ ਲਿਖਦੇ ਸਮੇਂ ਖ਼ਿਆਲਾਂ ਵਿਚ ਮਘਨ ਮਲੂਕ ਸਿੰਘ ਨੂੰ ਕਵਿਤਾ ਦੀਆਂ ਸਤਰਾਂ ਦੀ ਲੰਬਾਈ ਵੱਲ ਵੀ ਧਿਆਨ ਦੇਣਾ ਬਣਦਾ ਹੈ। ਪੁਸਤਕ ਦੀਆਂ ਮੁੱਢਲੀਆਂ ਕਵਿਤਾਵਾਂ ‘ਗੁਹਾਰ’, ‘ਹਾਕਮਾਂ ਦੇ ਪਾਈਏ ਵੈਣ ਕੁੜੇ’, ‘ਪੱਕੇ ਇਰਾਦਿਆਂ ਨੂੰ’, ‘ਨੀ ਦਿੱਲੀਏ’, ‘ਕੰਨੀਂ ਸੁਣਿਆ, ‘ਨਖ਼ਰੇ’ ਵਰਗੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਇਹ ਬੰਦਿਸ਼ ਬਾਖ਼ੂਬੀ ਨਿਭਾਈ ਵੀ ਗਈ ਹੈ। ਪਰ ਪਤਾ ਨਹੀਂ ਕਿਉਂ, ਕਈਆਂ ਕਵਿਤਾਵਾਂ ਵਿਚ ਮੈਨੂੰ ਇਹ ਘਾਟ ਰੜਕੀ ਹੈ।

ਇਨ੍ਹਾਂ ਕੁਝ ਕੁ ਵਿਚਾਰਾਂ ਦੇ ਇਜ਼ਹਾਰ ਨਾਲ ਮੈਂ ਮਲੂਕ ਸਿੰਘ ਕਾਹਲੋਂ ਨੂੰ ਕਵਿਤਾਵਾਂ ਦੀ ਇਹ ਤੀਸਰੀ ਕਿਤਾਬ ‘ਕੂਕ ਫ਼ਕੀਰਾ ਕੂਕ ਤੂੰ’ ਲਿਆਉਣ ’ਤੇ ਹਾਰਦਿਕ ਮੁਬਾਰਕਬਾਦ ਦਿੰਦਾ ਹੈ ਅਤੇ ਆਸ ਕਰਦਾ ਹਾਂ ਕਿ ਅੱਗੋਂ ਵੀ ਉਸ ਦੀ ਕਲਮ ਅਜਿਹੀਆਂ ਸਾਰਥਿਕ ਕਵਿਤਾਵਾਂ ਦੀ ਰਚਨਾ ਕਰਦੀ ਰਹੇਗੀ।


# ਸ਼ਹੀਦੀ ਸਮਾਗਮ

## ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਸੰਗਤਾ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਮਾਲਟਨ ਗੁਰੂਘਰ।

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ ’ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ - ਗੁਰਪ੍ਰੀਤ ਸਿੰਘ ਉਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991


The Mortgage Centre
We work for you, not the lenders.
Second Mortgage
Debt Consolidation
Renovations & Repairs
Avoiding High penalities
No Credit or becon score check.
No income verifiaction.
Interest payments only.
Pay off high interest debts.
75%-80% LTV.
Must have home equity.....
if you are looking for independent mortgage or protection advice....
We're here to help.
* Competitive rates
* Flexible terms
* Fast approval process
For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5
Rexdale Financial Services


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
NEW Listing in *MISSISSAUGA*
Winston Churchill/Collegeway/Council Ring
Approx. 2000 sq.ft. ਸੈਮੀ-ਡਿਟੈਚਡ ਹਾਊਸ, 4+2 ਬੈਡਰੂਮ, 3 ਵਾਸ਼ਰੂਮ 2 ਬੈਡਰੂਮ ਫਿਨੀਸ਼ਡ ਬੇਸਮੇਂਟ,3 ਕਾਰ ਪਾਰਕਿੰਗ। No ਕਾਰਪੇਟ। Eat-in ਕੀਚਨ with Granite ਕਾਊਂਟਰਟੋਪ। Family Rm with Fireplace, Stainless Steel Appliances. Spacious Living Rm & Bed Rms. Close to Hwy 403 , QEW , Hwy 407
NEW Listing in *BRAMPTON*
James Potter/Queen/Bonnie Brae
Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੇਂਟ,6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.
Listed in *BRAMPTON*
Bovaird/Mclaughlin/Fletchers Creek
2000 sq.ft. ਸੈਮੀ-ਡਿਟੈਚਡ ਹਾਊਸ 4+1 ਬੈਡਰੂਮ + 4 ਵਾਸ਼ਰੂਮ, 1 ਬੈਡਰੂਮ ਫਿਨੀਸ਼ਡ ਬੇਸਮੇਂਟ with separate entrance. Double door entry, ਮਾਸਟਰ ਬੈਡਰੂਮ with 5-ਪੀਸ ਇਨਸੂਇਟ, Walk-in ਕਲੋਜਿਟ, Laundary on 2nd ਫਲੋਰ ਅਤੇ ਬੇਸਮੇਂਟ। Newly ਅਪਗਰੇਡੀਡ।
NEW Listing in *BRAMPTON*
Hwy 10/Sandalwood/Braidwood
50 ਫੁੱਟ ਦਾ ਡਿਟੈਚਡ ਹਾਊਸ Approx. 2500sq.ft. 4 ਬੈਡਰੂਮ + 3 ਵਾਸ਼ਰੂਮ, $70K ਦੇ ਅਪਗਰੇਡ, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੋਜਿਟ,No ਕਾਰਪੇਟ, 6 ਪਾਰਕਿੰਗ, Quartz ਕਾਊਂਟਰਟੋਪ, 64"Built-in Fridge, Extra furnance, Heated Garage, Sec camera, storage in backyard.
NEW Listing in *BRAMPTON*
Chinguacousy/Williams Pkwy/Bovaird
ਡਿਟੈਚਡ ਹਾਊਸ Approx. 2000sq.ft. 4+1 ਬੈਡਰੂਮ +4 ਵਾਸ਼ਰੂਮ, ਫਿਨੀਸ਼ਡ ਬੇਸਮੇਂਟ with 1 ਬੈਡ+Rec Rm+4pc ਵਾਸ਼ਰੂਮ, ਡਬਲ-ਡੋਰ entrance, ਮਾਸਟਰ ਬੈਡਰੂਮ with 5-ਪੀਸ ਇਨਸੂਇਟ ਅਤੇ Walk-in ਕਲੋਜਿਟ, Electric Fireplace, Extended concreted ਡਰਾਈਵੇਅ, storage in backyard, pond & more.
Listed in *MISSISSAUGA*
Burnhamthorpe/Confederation
900-999 sq.ft. ਲੇਕ ਵੀਊ, 2 ਬੈਡਰੂਮ + 1 ਵਾਸ਼ਰੂਮ ਵੱਡੀਆਂ ਕੀਚਨ ਕੇਬਨਿਟ, ਨਵਾਂ ਪੇਂਟ, ਨਵੇਂ ਲੈਮੀਨੇਟ ਫਲੋਰ, Huge ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One, Celebration Square, Grand Park Plaza, Sheridan College, YMCA & much more.
FREE
✓ Full MLS Services
✓ Consistently Marketing Your Property Until SOLD
✓ Competitive Rates, Exceptional Service & Award Winning Results
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


PURBA APPRAISALS INC.
WE PROVIDE RESIDENTIAL REAL ESTATE APPRAISAL SERVICES FOR:
•Mortgage Financing
•Tax/Capital Gain
•Divorce/Separation of Assets
•Litigation Support
•Pre-listing Appraisals
Gurpreet Purba
Broker, CRA
416-669-1423
www.purbahomes.com